ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਬੁੱਧਵਾਰ, 04 ਨਵੰਬਰ / 2026 / ਅੰਕ 294 / ਪੰਨੇ 08 / ਮੁੱਲ 7 ਰੁ:

www.sanjhikhabar.com   E-mail : khabarsanjhi@gmail.com   sanjhikhabar   sanjhikahbar



ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਤਬਦੀਲ ਕਰਨ ਨਾਲ ਚੋਣਾਂ 'ਤੇ ਪਵੇਗਾ ਅਸਰ: ਆਈ ਬੀ

ਸਾਂਝੀ ਖ਼ਬਰ

(ਸੁਖਜੀਤ ਕੌਰ)
ਚੰਡੀਗੜ੍ਹ/ਬਰਨਾਲਾ, 4 ਨਵੰਬਰ



ਖੁਫ਼ੀਆ ਬਿਊਰੋ (ਆਈ ਬੀ) ਨੇ ਮੰਗਲਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਜਗਤਾਰ ਸਿੰਘ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਵਿੱਚ ਤਬਦੀਲ ਕਰਨ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਵੱਡਾ ਅਸਰ ਪੈ ਸਕਦਾ ਹੈ। ਆਈ ਬੀ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਹਵਾਰਾ ਉੱਚ ਜੋਖ਼ਮ ਵਾਲੇ ਕੈਦੀਆਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਅਤੇ ਉਸ ਨੂੰ ਪੰਜਾਬ ਤਬਦੀਲ ਨਹੀਂ ਕੀਤਾ ਜਾਣਾ ਚਾਹੀਦਾ।

ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਜਸਟਿਸ ਪੀ ਬੀ ਵਰਾਲੇ ਦੇ ਬੈਂਚ ਨੇ ਸੀਨੀਅਰ ਵਕੀਲ ਐੱਸ ਮੁਰਲੀਧਰ ਨੂੰ ਕਿਹਾ ਕਿ ਖੁਫ਼ੀਆ ਏਜੰਸੀ ਦੀ ਰਿਪੋਰਟ ਬੇਹੱਦ ਗੰਭੀਰ ਹੈ। ਇਸ 'ਤੇ ਮੁਰਲੀਧਰ ਨੇ ਕਿਹਾ ਕਿ ਜੇਕਰ ਚੋਣਾਂ ਨੂੰ ਲੈ ਕੇ ਕੋਈ ਚਿੰਤਾ ਹੈ ਤਾਂ ਇਸ ਮਾਮਲੇ ਦੀ ਸੁਣਵਾਈ ਤਿੰਨ ਮਹੀਨਿਆਂ ਬਾਅਦ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ ਅਗਲੇ ਸਾਲ ਫਰਵਰੀ ਵਿੱਚ ਤੈਅ ਕੀਤੀ ਹੈ। ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਲਈ ਅਗਲੇ ਸਾਲ ਦੇ ਸ਼ੁਰੂ ਵਿੱਚ ਚੋਣਾਂ ਹੋਣੀਆਂ ਹਨ।

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਉਹ ਹਵਾਰਾ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਬਾਰੇ ਖੁਫ਼ੀਆ ਬਿਊਰੋ ਤੋਂ ਰਿਪੋਰਟ ਲਵੇ।

ਦਿੱਲੀ ਸਰਕਾਰ ਵੱਲੋਂ ਪੇਸ਼ ਹੋਈ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਹਵਾਰਾ ਪਹਿਲਾਂ ਜੇਲ੍ਹ ਵਿੱਚੋਂ ਫਰਾਰ ਹੋਣ ਦੀ ਘਟਨਾ ਵਿੱਚ ਸ਼ਾਮਲ ਰਿਹਾ ਹੈ। ਬੇਅੰਤ ਸਿੰਘ ਕਤਲ ਮਾਮਲੇ ਵਿੱਚ ਉਸ ਨੂੰ ਸੁਣਾਈ ਗਈ ਫਾਂਸੀ ਦੀ ਸਜ਼ਾ ਨੂੰ ਬਾਅਦ ਵਿੱਚ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ ਸੀ।

ਉਨ੍ਹਾਂ ਦਲੀਲ ਦਿੱਤੀ ਕਿ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਨਾਲ ਉਸ ਦੇ ਫਰਾਰ ਹੋਣ ਦੀ ਸੰਭਾਵਨਾ ਵਧ ਸਕਦੀ ਹੈ। ਇਸ ਸਬੰਧ ਵਿੱਚ ਉਨ੍ਹਾਂ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਉੱਚ ਜੋਖ਼ਮ ਵਾਲੇ ਕੈਦੀਆਂ ਨੂੰ ਇਕ ਜੇਲ੍ਹ ਤੋਂ ਦੂਜੀ ਜੇਲ੍ਹ ਵਿੱਚ ਤਬਦੀਲ ਕਰਨ ਬਾਰੇ ਜਾਰੀ ਸਲਾਹ ਦਾ ਹਵਾਲਾ ਦਿੱਤਾ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਦਾਇਰ ਹਲਫ਼ਨਾਮੇ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਹਵਾਰਾ ਦੀ ਤਬਦੀਲੀ ਨਾਲ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਪ੍ਰਭਾਵਿਤ ਹੋ ਸਕਦੀ ਹੈ।ਭਾਟੀ ਨੇ ਇਹ ਵੀ ਦੱਸਿਆ ਕਿ ਹਵਾਰਾ ਨੂੰ ਚੰਡੀਗੜ੍ਹ ਦੀ ਜੇਲ੍ਹ ਵਿੱਚ ਸੁਰੰਗ ਪੁੱਟਣ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ।

ਹਵਾਰਾ ਅਗਸਤ 1995 ਵਿੱਚ ਚੰਡੀਗੜ੍ਹ ਦੇ ਸਿਵਲ ਸਕੱਤਰੇਤ ਦੇ ਮੁੱਖ ਗੇਟ 'ਤੇ ਹੋਏ ਬੰਬ ਧਮਾਕੇ ਦੇ ਮਾਮਲੇ ਵਿੱਚ ਉਮਰ ਭਰ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ। ਇਸ ਧਮਾਕੇ ਵਿੱਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ 17 ਜਣਿਆਂ ਦੀ ਮੌਤ ਹੋ ਗਈ ਸੀ। ਪਿਛਲੇ ਸਾਲ 27 ਸਤੰਬਰ ਨੂੰ ਸੁਪਰੀਮ ਕੋਰਟ ਨੇ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ ਸਰਕਾਰ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦਿੱਲੀ ਤੇ ਪੰਜਾਬ ਸਰਕਾਰਾਂ ਨੂੰ ਨੋਟਿਸ ਜਾਰੀ ਕੀਤੇ ਸਨ।

ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਹਵਾਰਾ ਨੇ ਕਿਹਾ ਸੀ ਕਿ ਜਨਵਰੀ 2004 ਵਿੱਚ ਜੇਲ੍ਹ ਵਿੱਚੋਂ ਫਰਾਰ ਹੋਣ ਦੀ ਘਟਨਾ ਨੂੰ ਛੱਡ ਕੇ ਜੇਲ੍ਹ ਵਿੱਚ ਉਸ ਦਾ ਵਿਹਾਰ ਤਸੱਲੀਬਖ਼ਸ਼ ਰਿਹਾ ਹੈ। ਉਸ ਨੇ ਕਿਹਾ ਕਿ ਕਿਉਂਕਿ ਦਿੱਲੀ ਵਿੱਚ ਉਸ ਖ਼ਿਲਾਫ਼ ਕੋਈ ਵੀ ਮਾਮਲਾ ਲੰਬਿਤ ਨਹੀਂ ਹੈ, ਇਸ ਲਈ ਉਸ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਹੋਰ ਜੇਲ੍ਹ ਵਿੱਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ।

22 ਜਨਵਰੀ 2004 ਨੂੰ ਹਵਾਰਾ, ਪਰਮਜੀਤ ਸਿੰਘ ਭਿਓਰਾ, ਤਾਰਾ ਅਤੇ ਕਤਲ ਦੇ ਇਕ ਹੋਰ ਦੋਸ਼ੀ ਦੇਵੀ ਸਿੰਘ ਨੇ ਚੰਡੀਗੜ੍ਹ ਦੀ ਉੱਚ ਸੁਰੱਖਿਆ ਵਾਲੀ ਬੁੜੈਲ ਜੇਲ੍ਹ ਵਿੱਚੋਂ ਫਰਾਰ ਹੋਣ ਲਈ ਲਗਪਗ 100 ਫੁੱਟ ਲੰਬੀ ਸੁਰੰਗ ਪੁੱਟੀ ਸੀ। ਹਵਾਰਾ ਅਤੇ ਭਿਓਰਾ ਨੂੰ ਅਗਲੇ ਦੋ ਸਾਲਾਂ ਦੌਰਾਨ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਮਾਮਲੇ ਵਿੱਚ ਭਗੌੜਾ ਐਲਾਨਿਆ ਗਿਆ ਤਾਰਾ ਥਾਈਲੈਂਡ ਵਿੱਚੋਂ ਗ੍ਰਿਫ਼ਤਾਰ ਹੋਇਆ ਸੀ, ਜਦਕਿ ਦੇਵੀ ਸਿੰਘ ਅਜੇ ਵੀ ਫਰਾਰ ਹੈ ਅਤੇ ਉਸ ਨੂੰ ਵੀ ਭਗੌੜਾ ਐਲਾਨਿਆ ਹੋਇਆ ਹੈ।

ਹਵਾਰਾ ਦੀ ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਉਹ ਪੰਜਾਬ ਦੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦਾ ਰਹਿਣ ਵਾਲਾ ਹੈ ਅਤੇ ਪੰਜਾਬ ਵਿੱਚ ਦਰਜ ਮਾਮਲੇ ਵਿੱਚ ਹੀ ਉਮਰ ਭਰ ਦੀ ਸਜ਼ਾ ਕੱਟ ਰਿਹਾ ਹੈ। ਇਸ ਲਈ ਉਸ ਨੂੰ ਪੰਜਾਬ ਦੀ ਜੇਲ੍ਹ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

ਪਟੀਸ਼ਨ ਮੁਤਾਬਕ ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਹਵਾਰਾ ਖ਼ਿਲਾਫ਼ 36 ਮਾਮਲੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਇਕ ਨੂੰ ਛੱਡ ਕੇ ਬਾਕੀ ਸਾਰੇ ਮਾਮਲਿਆਂ ਵਿੱਚ ਉਹ ਬਰੀ ਹੋ ਚੁੱਕਾ ਹੈ। ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਕਿ ਇਸੇ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਅਤੇ ਜੇਲ੍ਹ ਵਿੱਚੋਂ ਫਰਾਰ ਹੋਣ ਦੀ ਘਟਨਾ ਵਿੱਚ ਸ਼ਾਮਲ ਇਕ ਹੋਰ ਵਿਅਕਤੀ ਨੂੰ ਤਿਹਾੜ ਜੇਲ੍ਹ ਤੋਂ ਚੰਡੀਗੜ੍ਹ ਦੀ ਜੇਲ੍ਹ ਵਿੱਚ ਤਬਦੀਲ ਕੀਤਾ ਜਾ ਚੁੱਕਾ ਹੈ।

ਹਵਾਰਾ ਨੇ ਦਲੀਲ ਦਿੱਤੀ ਕਿ ਕਈ ਸਾਲ ਪਹਿਲਾਂ ਉਸ ਨੂੰ ਉੱਚ ਜੋਖ਼ਮ ਵਾਲਾ ਕੈਦੀ ਮੰਨਿਆ ਜਾਣਾ ਅੱਜ ਵੀ ਉਸ ਨੂੰ ਦਿੱਲੀ ਦੀ ਜੇਲ੍ਹ ਵਿੱਚ ਰੱਖਣ ਦਾ ਢੁੱਕਵਾਂ ਆਧਾਰ ਨਹੀਂ ਹੋ ਸਕਦਾ। ਉਸ ਨੇ ਇਹ ਵੀ ਦੱਸਿਆ ਕਿ ਉਸ ਦੀ ਧੀ ਪੰਜਾਬ ਵਿੱਚ ਰਹਿੰਦੀ ਹੈ।

ਪਟੀਸ਼ਨ ਵਿੱਚ ਇਹ ਸਵਾਲ ਵੀ ਉਠਾਇਆ ਗਿਆ ਸੀ ਕਿ ਕੀ ਕੋਈ ਵਿਅਕਤੀ, ਜਿਸ ਨੇ 19 ਸਾਲਾਂ ਤੋਂ ਜੇਲ੍ਹ ਵਿੱਚ ਆਪਣਾ ਵਿਹਾਰ ਠੀਕ ਰੱਖਿਆ ਹੋਵੇ, ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਕਰ ਸਕਦਾ ਹੈ ਜਾਂ ਨਹੀਂ।

ਜ਼ਿਕਰਯੋਗ ਹੈ ਕਿ ਹਵਾਰਾ ਨੂੰ ਹੇਠਲੀ ਅਦਾਲਤ ਨੇ ਮਾਰਚ 2007 ਵਿੱਚ ਫਾਂਸੀ ਦੀ ਸਜ਼ਾ ਸੁਣਾਈ ਸੀ। ਅਕਤੂਬਰ 2010 ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਉਸ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ ਅਤੇ ਹੁਕਮ ਦਿੱਤਾ ਸੀ ਕਿ ਉਸ ਨੂੰ ਬਾਕੀ ਜ਼ਿੰਦਗੀ ਜੇਲ੍ਹ ਵਿੱਚ ਹੀ ਰਹਿਣਾ ਪਵੇਗਾ। ਹਵਾਰਾ ਅਤੇ ਇਸਤਗਾਸਾ ਧਿਰ ਵੱਲੋਂ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਦਾਇਰ ਅਪੀਲਾਂ ਅਜੇ ਵੀ ਸੁਪਰੀਮ ਕੋਰਟ ਵਿੱਚ ਲੰਬਿਤ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਹਲਕਾ ਇੰਚਾਰਜ ਰਵੀ ਮੋਹਨ 'ਆਪ' ਵਿੱਚ ਸ਼ਾਮਲ

ਸਾਂਝੀ ਖ਼ਬਰ

(ਸੰਦੀਪ ਸਿੰਘ)
ਚੰਡੀਗੜ੍ਹ, 4 ਨਵੰਬਰ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਹਲਕਾ ਇੰਚਾਰਜ ਰਵੀ ਮੋਹਨ ਮੰਗਲਵਾਰ ਨੂੰ ਇੱਥੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਰਵੀ ਮੋਹਨ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਵਾਉਂਦਿਆਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਜਗਰੂਪ ਸਿੰਘ ਸੇਖਵਾਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਆਮ ਆਦਮੀ ਪਾਰਟੀ ਵੱਲੋਂ ਜਾਰੀ ਇੱਕ ਬਿਆਨ ਵਿੱਚ ਦੱਸਿਆ ਗਿਆ ਕਿ ਰਵੀ ਮੋਹਨ ਸ਼੍ਰੋਮਣੀ ਅਕਾਲੀ ਦਲ ਵਿੱਚ ਰਹਿੰਦਿਆਂ ਦੀਨਾਨਗਰ ਅਤੇ ਭੋਆ ਵਿਧਾਨ ਸਭਾ ਹਲਕਿਆਂ ਦੇ ਹਲਕਾ ਇੰਚਾਰਜ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਉਹ ਲੰਮੇ ਸਮੇਂ ਤੋਂ ਜ਼ਮੀਨੀ ਪੱਧਰ ਦੀ ਰਾਜਨੀਤੀ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ। ਬਿਆਨ ਅਨੁਸਾਰ, ਰਵੀ ਮੋਹਨ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕਰਵਾਏ ਜਾ ਰਹੇ ਲੋਕ-ਪੱਖੀ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ 'ਆਪ' ਵਿੱਚ ਸ਼ਾਮਲ ਹੋਏ ਹਨ।

ਇਸ ਮੌਕੇ ਪਾਰਟੀ ਆਗੂ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਉਹ ਰਵੀ ਮੋਹਨ ਦਾ ਆਮ ਆਦਮੀ ਪਾਰਟੀ ਵਿੱਚ ਤਹਿ ਦਿਲੋਂ ਸਵਾਗਤ ਕਰਦੇ ਹਨ। ਉਨ੍ਹਾਂ ਕਿਹਾ ਕਿ ਰਵੀ ਮੋਹਨ ਕੋਲ ਜ਼ਮੀਨੀ ਪੱਧਰ ਦੀ ਸਿਆਸਤ ਅਤੇ ਜਥੇਬੰਦਕ ਗਤੀਵਿਧੀਆਂ ਦਾ ਲੰਮਾ ਤਜਰਬਾ ਹੈ। ਸੇਖਵਾਂ ਨੇ ਭਰੋਸਾ ਪ੍ਰਗਟਾਇਆ ਕਿ ਉਨ੍ਹਾਂ ਦੇ ਇਸ ਤਜਰਬੇ ਅਤੇ ਸਾਥ ਨਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਾਰਟੀ ਸੰਗਠਨ ਨੂੰ ਹੋਰ ਜ਼ਿਆਦਾ ਮਜ਼ਬੂਤੀ ਮਿਲੇਗੀ।

ਅੱਜ ਪੰਜਾਬ ਆਉਣਗੇ ਰਾਹੁਲ ਗਾਂਧੀ ਤੇ ਮੱਲਿਕਾਰਜੁਨ ਖੜਗੇ, ਭੱਖੇਗਾ ਚੋਣ ਅਖਾੜਾ

ਸਾਂਝੀ ਖ਼ਬਰ

(ਸੰਦੀਪ ਸਿੰਘ)
ਚੰਡੀਗੜ੍ਹ, 4 ਨਵੰਬਰ



ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ 4 ਨਵੰਬਰ ਨੂੰ(ਯਾਨੀ ਅੱਜ) ਪੰਜਾਬ ਦੌਰੇ 'ਤੇ ਹਨ। ਸੰਗਰੂਰ ਤੋਂ ਹੋਣ ਵਾਲੀ 'ਇਨਸਾਫ਼ ਰੈਲੀ' ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਪੰਜਾਬ ਵਿਧਾਨ ਸਭਾ ਚੋਣਾਂ 2027 ਦੇ ਮੱਦੇਨਜ਼ਰ ਇਹ ਦੌਰਾ ਕਾਂਗਰਸ ਲਈ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਇਸ ਰੈਲੀ 'ਚ ਰਾਹੁਲ ਗਾਂਧੀ ਨਾਲ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਵੀ ਸ਼ਾਮਲ ਹੋਣਗੇ।

ਇਸ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ, ਰਾਹੁਲ ਗਾਂਧੀ ਅਤੇ ਜਨਰਲ ਸਕੱਤਰ (ਸੰਗਠਨ) ਕੇ.ਸੀ. ਵੇਣੂਗੋਪਾਲ ਦੀ ਮੌਜੂਦਗੀ 'ਚ ਪੰਜਾਬ ਦੇ ਨੇਤਾਵਾਂ ਨਾਲ ਚੋਣ ਤਿਆਰੀਆਂ ਨੂੰ ਲੈ ਕੇ ਮੀਟਿੰਗ ਹੋ ਚੁੱਕੀ ਹੈ। ਹੁਣ ਉਮੀਦਵਾਰਾਂ ਦੀ ਚੋਣ ਪ੍ਰਕਿਰਿਆ ਨੂੰ ਅੱਗੇ ਵਧਾਉਣ 'ਤੇ ਫੋਕਸ ਰਹੇਗਾ।

ਇਸ ਦੌਰੇ ਰਾਹੀਂ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ 'ਮਿਸ਼ਨ 2027' ਲਈ ਪੂਰੀ ਤਰ੍ਹਾਂ ਤਿਆਰ ਰਹਿਣ ਦਾ ਸਪੱਸ਼ਟ ਸੁਨੇਹਾ ਵੀ ਦਿੱਤਾ ਜਾਵੇਗਾ। ਪਾਰਟੀ ਸੂਤਰਾਂ ਅਨੁਸਾਰ ਉਮੀਦਵਾਰਾਂ ਦੀ ਚੋਣ ਵੇਲੇ ਉਨ੍ਹਾਂ ਦੇ ਸਾਫ਼ ਅਕਸ, ਲੋਕਾਂ 'ਚ ਪਕੜ, ਆਪਣੇ ਹਲਕੇ 'ਚ ਸਰਗਰਮੀ ਅਤੇ ਚੋਣ ਜਿੱਤਣ ਦੀ ਸਮਰੱਥਾ ਨੂੰ ਮੁੱਖ ਆਧਾਰ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਮੌਜੂਦਾ ਵਿਧਾਇਕਾਂ ਦੇ ਕੰਮਕਾਜ, ਨਵੇਂ ਚਿਹਰਿਆਂ ਦੀਆਂ ਸੰਭਾਵਨਾਵਾਂ ਅਤੇ ਵੱਖ-ਵੱਖ ਹਲਕਿਆਂ 'ਚ ਪਾਰਟੀ ਦੀ ਸਥਿਤੀ ਦਾ ਵੀ ਮੁਲਾਂਕਣ ਕੀਤਾ ਜਾਵੇਗਾ।

ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਦਾ ਦੁਨੀਆ ਭਰ 'ਚ ਵਿਸ਼ੇਸ਼ ਮਹੱਤਵ: ਰਾਜਪਾਲ ਗੁਲਾਬ ਚੰਦ ਕਟਾਰੀਆ

ਸਾਂਝੀ ਖ਼ਬਰ

(ਗੁਰਜੀਤ ਕੌਰ)
ਫਤਹਿਗੜ੍ਹ ਸਾਹਿਬ, 4 ਨਵੰਬਰ



ਫ਼ਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਸਿਰਫ਼ ਪੰਜਾਬ ਲਈ ਹੀ ਨਹੀਂ, ਸਗੋਂ ਸਮੁੱਚੀ ਦੁਨੀਆ ਲਈ ਪ੍ਰੇਰਨਾ ਦਾ ਸਰੋਤ ਹੈ। ਇਸ ਧਰਤੀ ਨਾਲ ਜੁੜਿਆ ਇਤਿਹਾਸ ਅਤੇ ਇੱਥੋਂ ਮਿਲਣ ਵਾਲੀ ਅਧਿਆਤਮਿਕ ਪ੍ਰੇਰਨਾ ਬੱਚਿਆਂ ਅਤੇ ਨੌਜਵਾਨਾਂ ਵਿੱਚ ਅਜਿਹਾ ਹੌਸਲਾ, ਦ੍ਰਿੜ੍ਹਤਾ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਦੀ ਹੈ, ਜੋ ਸਮਾਜ ਲਈ ਮਾਰਗਦਰਸ਼ਕ ਹੈ। ਇਹ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਮਾਤਾ ਚਕਰੇਸ਼ਵਰੀ ਮੰਦਿਰ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਕੀਤਾ। ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਫਤਹਿਗੜ੍ਹ ਸਾਹਿਬ ਦੀ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਉਹ ਪਵਿੱਤਰ ਧਰਤੀ ਹੈ, ਜਿੱਥੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਲਾਸਾਨੀ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਅਤੇ ਬੇਮਿਸਾਲ ਹੌਸਲੇ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਕਿਤੇ ਹੋਰ ਦੇਖਣ ਨੂੰ ਨਹੀਂ ਮਿਲਦੀ।

ਉਨ੍ਹਾਂ ਕਿਹਾ ਕਿ ਇਸ ਪਵਿੱਤਰ ਸਥਾਨ ਦੇ ਦਰਸ਼ਨਾਂ ਨਾਲ ਉਨ੍ਹਾਂ ਨੂੰ ਹਮੇਸ਼ਾ ਕੰਮ ਕਰਨ ਲਈ ਨਵੀਂ ਹਿੰਮਤ, ਹੌਸਲਾ ਅਤੇ ਊਰਜਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਇਸ ਸਥਾਨ ਪ੍ਰਤੀ ਉਨ੍ਹਾਂ ਦੇ ਮਨ ਵਿੱਚ ਵਿਸ਼ੇਸ਼ ਆਸਥਾ ਹੈ ਅਤੇ ਇੱਥੋਂ ਮਿਲਣ ਵਾਲੀ ਪ੍ਰੇਰਨਾ ਉਨ੍ਹਾਂ ਨੂੰ ਵੱਧ ਤੋਂ ਵੱਧ ਮਿਹਨਤ ਕਰਨ ਲਈ ਉਤਸ਼ਾਹਿਤ ਕਰਦੀ ਹੈ।

ਰਾਜਪਾਲ ਨੇ ਕਿਹਾ ਕਿ ਉਹ ਅੱਜ ਮੁੜ ਇਸ ਪਵਿੱਤਰ ਸਥਾਨ 'ਤੇ ਦਰਸ਼ਨ ਕਰਨ ਅਤੇ ਆਸ਼ੀਰਵਾਦ ਲੈਣ ਲਈ ਪਹੁੰਚੇ ਹਨ, ਤਾਂ ਜੋ ਉਹ ਜਨਤਾ ਦੇ ਕੰਮ ਹੋਰ ਵੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਣ। ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਜਨਤਾ ਦਾ ਸੇਵਕ ਸਮਝਦੇ ਹਨ ਅਤੇ ਲੋਕਾਂ ਦੀ ਸੇਵਾ ਪੂਰੀ ਇਮਾਨਦਾਰੀ ਤੇ ਸਮਰਪਣ ਭਾਵਨਾ ਨਾਲ ਕਰਨਾ ਚਾਹੁੰਦੇ ਹਨ।

ਇਸ ਮੌਕੇ ਡਿਪਟੀ ਕਮਿਸ਼ਨਰ, ਡਾ.ਸੋਨਾ ਥਿੰਦ, ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸ਼ੁਭਮ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ(ਜ) ਅਮਰਬੀਰ ਕੌਰ ਭੁੱਲਰ, ਐਸ.ਡੀ.ਐਮ.ਕਰੁਣ ਗੁਪਤਾ, ਪ੍ਰਧਾਨ ਸੁਨੀਲ ਕੁਮਾਰ ਜੈਨ ਤੋਂ ਇਲਾਵਾ ਹੋਰ ਅਹੁਦੇਦਾਰ ਤੇ ਸ਼ਰਧਾਲੂ ਵੀ ਹਾਜ਼ਰ ਸਨ।

ਦੀਵਾਲੀ 'ਤੇ ਮਹਿੰਗਾਈ ਦਾ ਡਬਲ ਅਟੈਕ, TV-ਫਰਿੱਜ ਤੋਂ ਲੈ ਕੇ ਮਠਿਆਈਆਂ-Dry fruit ਤੱਕ ਸਭ ਮਹਿੰਗੇ

ਸਾਂਝੀ ਖ਼ਬਰ

(ਗਗਨਦੀਪ ਕੌਰ)
ਬਿਜ਼ਨੈੱਸ ਡੈਸਕ, 4 ਨਵੰਬਰ



ਜਿਵੇਂ-ਜਿਵੇਂ ਦੀਵਾਲੀ ਨੇੜੇ ਆ ਰਹੀ ਹੈ, ਬਾਜ਼ਾਰਾਂ ਵਿੱਚ ਖਰੀਦਦਾਰੀ ਤੇਜ਼ ਹੋ ਗਈ ਹੈ, ਪਰ ਇਸ ਵਾਰ ਮਹਿੰਗਾਈ ਨੇ ਲੋਕਾਂ ਦੇ ਬਜਟ ਨੂੰ ਵਿਗਾੜ ਦਿੱਤਾ ਹੈ। ਖਪਤਕਾਰਾਂ ਨੂੰ ਟੀਵੀ, ਫਰਿੱਜ ਅਤੇ ਏਅਰ ਕੰਡੀਸ਼ਨਰ ਤੋਂ ਲੈ ਕੇ ਮਠਿਆਈਆਂ ਅਤੇ ਸੁੱਕੇ ਮੇਵੇ ਤੱਕ ਹਰ ਚੀਜ਼ 'ਤੇ ਜ਼ਿਆਦਾ ਖਰਚ ਕਰਨਾ ਪੈ ਰਿਹਾ ਹੈ। ਕੱਚੇ ਮਾਲ ਦੀਆਂ ਵਧਦੀਆਂ ਕੀਮਤਾਂ, ਮਾੜੀ ਫ਼ਸਲ ਅਤੇ ਵੱਧ ਮਾਲ ਭਾੜੇ ਦੀਆਂ ਲਾਗਤਾਂ ਨੇ ਇਲੈਕਟ੍ਰਾਨਿਕਸ ਉਤਪਾਦ 3 ਤੋਂ 7 ਪ੍ਰਤੀਸ਼ਤ ਮਹਿੰਗੇ ਕਰ ਦਿੱਤੇ ਹਨ। ਮਠਿਆਈਆਂ ਵਿੱਚ ਵੀ 15 ਪ੍ਰਤੀਸ਼ਤ ਵਾਧਾ ਦੇਖਿਆ ਗਿਆ ਹੈ। ਸਭ ਤੋਂ ਵੱਡਾ ਵਾਧਾ ਪਿਸਤਾ ਦੀਆਂ ਕੀਮਤਾਂ ਵਿੱਚ ਦੇਖਿਆ ਗਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ ਲਗਭਗ ਦੁੱਗਣਾ ਹੋ ਗਿਆ ਹੈ।

ਦੀਵਾਲੀ ਦੌਰਾਨ ਟੀਵੀ, ਫਰਿੱਜ ਅਤੇ ਏਅਰ ਕੰਡੀਸ਼ਨਰਾਂ ਦੀ ਮੰਗ ਵਧ ਜਾਂਦੀ ਹੈ। ਇਸ ਦੌਰਾਨ, ਹਾਇਰ, ਐਲਜੀ ਅਤੇ ਬਲੂ ਸਟਾਰ ਵਰਗੀਆਂ ਕੰਪਨੀਆਂ ਨੇ ਆਪਣੇ ਉਤਪਾਦਾਂ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ। ਇੱਕ ਰਿਪੋਰਟ ਅਨੁਸਾਰ, ਇਸ ਤਿਉਹਾਰੀ ਸੀਜ਼ਨ ਵਿੱਚ ਇਲੈਕਟ੍ਰਾਨਿਕਸ ਦੀ ਵਿਕਰੀ ਦਾ ਕੁੱਲ ਮੁੱਲ 20 ਪ੍ਰਤੀਸ਼ਤ ਵਧਣ ਦੀ ਉਮੀਦ ਹੈ, ਪਰ ਯੂਨਿਟ ਵਿਕਰੀ ਵਾਧਾ ਸਿੰਗਲ ਅੰਕਾਂ ਵਿੱਚ ਰਹਿ ਸਕਦਾ ਹੈ। ਮਾਹਰਾਂ ਮੁਤਾਬਕ ਗਾਹਕ ਖਰੀਦਦਾਰੀ ਲਈ EMI ਦੀ ਵਰਤੋਂ ਵੱਧ ਕਰ ਰਹੇ ਹਨ।

ਦੁੱਧ, ਖੋਆ, ਖੰਡ ਅਤੇ ਸੁੱਕੇ ਮੇਵਿਆਂ ਦੀ ਕੀਮਤ ਵਿੱਚ ਵਾਧੇ ਕਾਰਨ ਮਠਿਆਈਆਂ ਦੀ ਕੀਮਤ ਵੀ ਵਧੀ ਹੈ। ਉੱਤਰ ਪ੍ਰਦੇਸ਼ ਦੇ ਬਾਜ਼ਾਰਾਂ ਵਿੱਚ ਖੰਡ ਦੀਆਂ ਕੀਮਤਾਂ 4,800 ਰੁਪਏ ਤੋਂ ਵੱਧ ਕੇ 5,700 ਰੁਪਏ ਪ੍ਰਤੀ ਕੁਇੰਟਲ ਹੋ ਗਈਆਂ ਹਨ। ਇਸ ਦੌਰਾਨ, ਮਿਠਾਈਆਂ ਦੇ ਵਪਾਰੀਆਂ ਨੇ ਕੀਮਤਾਂ ਵਿੱਚ 10 ਤੋਂ 15 ਪ੍ਰਤੀਸ਼ਤ ਵਾਧਾ ਕੀਤਾ ਹੈ। ਵਪਾਰੀਆਂ ਦਾ ਮੰਨਣਾ ਹੈ ਕਿ ਗਾਹਕ ਇਸ ਵਾਰ ਵੱਡੇ ਗਿਫਟ ਪੈਕ ਦੀ ਬਜਾਏ ਛੋਟੇ ਪੈਕ ਨੂੰ ਤਰਜੀਹ ਦੇ ਸਕਦੇ ਹਨ।


ਸੁੱਕੇ ਮੇਵਿਆਂ ਦੀਆਂ ਕੀਮਤਾਂ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ। ਬਦਾਮ, ਜੋ ਪਿਛਲੇ ਸਾਲ 800-900 ਰੁਪਏ ਪ੍ਰਤੀ ਕਿਲੋਗ੍ਰਾਮ ਵਿੱਚ ਉਪਲਬਧ ਸਨ, ਹੁਣ 1,000-1,200 ਰੁਪਏ ਪ੍ਰਤੀ ਕਿਲੋਗ੍ਰਾਮ ਵਿੱਚ ਵਿਕ ਰਹੇ ਹਨ। ਪਿਸਤਾ 900 ਰੁਪਏ ਪ੍ਰਤੀ ਕਿਲੋਗ੍ਰਾਮ ਤੋਂ ਵੱਧ ਕੇ 1,500-2,100 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਿਆ ਹੈ। ਵਪਾਰੀਆਂ ਮੁਤਾਬਕ ਮਾੜੀ ਫ਼ਸਲ ਅਤੇ ਉੱਚ ਮਾਲ ਢੋਆ-ਢੁਆਈ ਦੀ ਲਾਗਤ ਕੀਮਤਾਂ ਵਿੱਚ ਵਾਧਾ ਦਾ ਕਾਰਨ ਬਣੀਆਂ ਹਨ।

ਮਹਿੰਗਾਈ ਕਾਰਨ, ਗਾਹਕ ਇਸ ਦੀਵਾਲੀ 'ਤੇ ਆਪਣੀਆਂ ਜ਼ਰੂਰਤਾਂ ਦੇ ਆਧਾਰ 'ਤੇ ਖਰੀਦਦਾਰੀ ਕਰ ਸਕਦੇ ਹਨ। ਮਹਿੰਗੇ ਗਿਫਟ ਹੈਂਪਰਾਂ ਨਾਲੋਂ ਛੋਟੇ ਪੈਕੇਜ ਅਤੇ ਕਿਫਾਇਤੀ ਵਿਕਲਪਾਂ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ। ਵਪਾਰੀਆਂ ਨੂੰ ਵਿਕਰੀ ਦੇ ਕੁੱਲ ਮੁੱਲ ਵਿੱਚ ਵਾਧੇ ਦੀ ਉਮੀਦ ਹੈ, ਪਰ ਸਾਮਾਨ ਦੀ ਮਾਤਰਾ ਦੀ ਵਿਕਰੀ ਘੱਟ ਸਕਦੀ ਹੈ।

14000 ਕਰੋੜ ਦਾ ਨੁਕਸਾਨ! ਸਾਂਭ ਲਓ ਚਾਬੀਆਂ, ਦਿੱਲੀ ਦੇ ਵਪਾਰੀਆਂ ਦੀ ਪੁਲਸ ਕਮਿਸ਼ਨਰ ਦੀ ਚਿਤਾਵਨੀ

(ਸੰਦੀਪ ਸਿੰਘ)
ਨੈਸ਼ਨਲ ਡੈਸਕ, 4 ਨਵੰਬਰ

ਸਾਂਝੀ ਖ਼ਬਰ



ਚੈਂਬਰ ਆਫ਼ ਟ੍ਰੇਡ ਐਂਡ ਇੰਡਸਟਰੀ (ਸੀਟੀਆਈ) ਨੇ ਦਿੱਲੀ ਪੁਲਸ ਕਮਿਸ਼ਨਰ ਨੂੰ ਇੱਕ ਪੱਤਰ ਲਿਖ ਕੇ 11 ਨਵੰਬਰ (ਭਾਈ ਦੂਜ) ਤੱਕ ਦਿੱਲੀ ਵਿੱਚ ਰੈਲੀਆਂ ਅਤੇ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। CTI ਵਲੋਂ ਦਿੱਲੀ ਪੁਲਸ ਕਮਿਸ਼ਨਰ ਨੂੰ ਲਿਖੇ ਪੱਤਰ ਵਿਚ ਕਿਹਾ, '11 ਨਵੰਬਰ ਭਾਈ ਦੂਜ ਤੱਕ ਕਿਸੇ ਵੀ ਕਨਾਟ ਪਲੇਸ, ਜੰਤਰ-ਮੰਤਰ ਜਾਂ ਰਾਮਲੀਲਾ ਮੈਦਾਨ ਵਿੱਚ ਕੋਈ ਵੀ ਰੈਲੀ, ਧਰਨਾ ਜਾਂ ਵਿਰੋਧ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਇੱਕ ਮਹੀਨੇ ਵਿੱਚ ₹14,000 ਕਰੋੜ ਦਾ ਨੁਕਸਾਨ, ਹੁਣ ਚਾਬੀਆਂ ਸੌਂਪ ਦ ੇਣ ਗ ੇ ਵਪਾਰੀ।'

ਉਨ੍ਹਾਂ ਕਿਹਾ ਕਿ ਇਸ ਨੂੰ ਬਾਏ-ਬਾਏ ਕਰ ਦਿੱਤਾ ਜਾਵੇ। ਸੀਟੀਆਈ ਦੇ ਚੇਅਰਮੈਨ ਬ੍ਰਿਜੇਸ਼ ਗੋਇਲ ਨੇ ਇਸ ਸਬੰਧ ਵਿਚ ਕਿਹਾ ਕਿ ਪਿਛਲੇ ਇਕ ਮਹੀਨੇ ਵਿਚ ਹੋਈਆਂ ਰੈਲੀਆਂ ਅਤੇ ਵਿਰੋਧ ਪ੍ਰਦਰਸ਼ਨਾਂ ਕਾਰਨ ਦਿੱਲੀ ਦੇ ਕਾਰੋਬਾਰਾਂ ਨੂੰ ਜਿਹੜਾ ਨੁਕਸਾਨ ਹੋਇਆ ਹੈ, ਉਸ ਕਾਰਨ ਵਪਾਰੀ ਹੁਣ ਹੋਰ ਨੁਕਸਾਨ ਸਹਿਣ ਕਰਨ ਦੀ ਸਥਿਤੀ ਵਿਚ ਨਹੀਂ ਹਨ। ਸੀਟੀਆਈ ਦੁਆਰਾ ਜਾਰੀ ਕੀਤੇ ਅੰਕੜਿਆਂ ਮੁਤਾਬਕ 1 ਅਕਤੂਬਰ ਤੋਂ 1 ਨਵੰਬਰ, 2026 ਦੇ ਵਿਚਕਾਰ ਹੋਏ ਵਿਰੋਧ ਪ੍ਰਦਰਸ਼ਨਾਂ ਦੇ ਨਤੀਜੇ ਵਜੋਂ ਕੁੱਲ ₹14,000 ਕਰੋੜ ਦਾ ਨੁਕਸਾਨ ਹੋਇਆ। ਇਸ ਵਿੱਚੋਂ 1 ਅਕਤੂਬਰ ਤੋਂ 30 ਅਕਤੂਬਰ ਦੇ ਵਿਚਕਾਰ, ਜੰਤਰ-ਮੰਤਰ, ਕਨਾਟ ਪਲੇਸ ਅਤੇ ਜਨਪਥ ਵਰਗੇ ਖੇਤਰਾਂ ਵਿੱਚ ਰੋਜ਼ਾਨਾ ਛੋਟੇ-ਵੱਡੇ ਪ੍ਰਦਰਸ਼ਨਾਂ ਕਾਰਨ ਕੇਂਦਰੀ ਦਿੱਲੀ ਵਿੱਚ ਭਾਰੀ ਟ੍ਰੈਫਿਕ ਜਾਮ ਰਿਹਾ।

ਆਪਣੇ ਹੀ ਵਾਰਡ ਦੇ ਲੋਕਾਂ ਨੂੰ ਜਵਾਬ ਦੇਣ ਤੋਂ ਕਿਉਂ ਕਤਰਾਉਂਦੇ ਹਨ ਨਗਰ ਕੌਂਸਲ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ?

ਸਾਂਝੀ ਖ਼ਬਰ

ਪਹਿਲਾਂ ਫੋਨ ਨਾ ਚੁੱਕਣ ਦੀ ਖ਼ਬਰ ਛਪਣ ਤੋਂ ਬਾਅਦ ਪੱਤਰਕਾਰ ਨਾਲ ਡੇਢ ਘੰਟੇ ਤੋਂ ਵੱਧ ਹੋਈ ਸੀ ਗੱਲਬਾਤ, ਹੁਣ ਕਈ ਮਹੀਨਿਆਂ ਬਾਅਦ ਫਿਰ ਉਹੀ ਹਾਲਾਤ; ਪੱਤਰਕਾਰ ਨੂੰ ਖ਼ਬਰਾਂ ਨਾ ਛਾਪਣ ਦੀ ਬੇਨਤੀ ਕਰਨ ਦੇ ਬਿਆਨ ਨੇ ਵੀ ਖੜ੍ਹੇ ਕੀਤੇ ਸਵਾਲ।



ਦਿਲਬਾਗ ਸਿੰਘ ਕੰਬੋਜ
ਬਲਟਾਣਾ/ਜ਼ੀਰਕਪੁਰ:

ਲੋਕਤੰਤਰ ਵਿੱਚ ਜਨਤਾ ਵੱਲੋਂ ਚੁਣੇ ਗਏ ਨੁਮਾਇੰਦੇ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਲੋਕਾਂ ਦੀਆਂ ਸਮੱਸਿਆਵਾਂ ਸੁਣਨਾ ਅਤੇ ਉਨ੍ਹਾਂ ਦਾ ਹੱਲ ਕਰਵਾਉਣਾ ਹੁੰਦੀ ਹੈ। ਪਰ ਜਦੋਂ ਆਪਣੇ ਹੀ ਵਾਰਡ ਦੇ ਲੋਕਾਂ ਨੂੰ ਆਪਣੇ ਚੁਣੇ ਹੋਏ ਨੁਮਾਇੰਦੇ ਨਾਲ ਗੱਲ ਕਰਨ ਲਈ ਵਾਰ-ਵਾਰ ਫੋਨ ਕਰਨੇ ਪੈਣ ਅਤੇ ਫਿਰ ਵੀ ਸੰਪਰਕ ਨਾ ਹੋ ਸਕੇ ਤਾਂ ਸਵਾਲ ਉੱਠਣੇ ਸੁਭਾਵਿਕ ਹਨ।

ਪਿੰਡ ਬਲਟਾਣਾ ਦਾ ਵਾਰਡ ਨੰਬਰ 31, ਜੋ ਕਿ ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਵਿਰਕ ਦਾ ਆਪਣਾ ਵਾਰਡ ਹੈ, ਅੱਜਕੱਲ੍ਹ ਵਿਕਾਸ ਕਾਰਜਾਂ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਲੈ ਕੇ ਚਰਚਾ ਵਿੱਚ ਹੈ। ਵਾਰਡ ਵਾਸੀਆਂ ਅਨੁਸਾਰ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪਾਉਣ ਲਈ ਪੁੱਟੀ ਗਈ ਕਰੀਬ 100 ਤੋਂ 200 ਮੀਟਰ ਗਲੀ ਦੀ ਮੁਰੰਮਤ ਅਜੇ ਤੱਕ ਨਹੀਂ ਹੋਈ। ਤਿਉਹਾਰਾਂ ਦਾ ਸਮਾਂ ਸਿਰ 'ਤੇ ਹੈ, ਪਰ ਲੋਕਾਂ ਨੂੰ ਟੁੱਟੀਆਂ ਅਤੇ ਪੁੱਟੀਆਂ ਗਲੀਆਂ ਤੋਂ ਰਾਹਤ ਨਹੀਂ ਮਿਲੀ।

ਇਸ ਤੋਂ ਇਲਾਵਾ ਕਿਤੇ ਸੀਵਰੇਜ ਦੇ ਢੱਕਣ ਖੁੱਲ੍ਹੇ ਪਏ ਹਨ, ਕਿਤੇ ਸਫ਼ਾਈ ਦੀ ਸਮੱਸਿਆ ਹੈ ਅਤੇ ਕਿਤੇ ਅਵਾਰਾ ਪਸ਼ੂ ਤੇ ਕੂੜਾ-ਕਰਕਟ ਲੋਕਾਂ ਲਈ ਮੁਸੀਬਤ ਬਣੇ ਹੋਏ ਹਨ। ਲੋਕਾਂ ਦਾ ਕਹਿਣਾ ਹੈ ਕਿ ਵਿਕਾਸ ਦੇ ਦਾਅਵੇ ਤਾਂ ਬਹੁਤ ਕੀਤੇ ਜਾਂਦੇ ਹਨ, ਪਰ ਜ਼ਮੀਨੀ ਪੱਧਰ 'ਤੇ ਉਨ੍ਹਾਂ ਨੂੰ ਮੁੱਢਲੀਆਂ ਸਹੂਲਤਾਂ ਲਈ ਵੀ ਉਡੀਕ ਕਰਨੀ ਪੈ ਰਹੀ ਹੈ।

ਜਦੋਂ ਖ਼ਬਰ ਛਪੀ ਤਾਂ ਡੇਢ ਘੰਟੇ ਤੋਂ ਵੱਧ ਹੋਈ ਸੀ ਗੱਲਬਾਤ!

ਇਸ ਮਾਮਲੇ ਦਾ ਇੱਕ ਹੋਰ ਪਹਿਲੂ ਵੀ ਧਿਆਨ ਦੇਣ ਯੋਗ ਹੈ। ਪੱਤਰਕਾਰ ਦਿਲਬਾਗ ਸਿੰਘ ਕੰਬੋਜ ਵੱਲੋਂ ਪਹਿਲਾਂ ਵੀ ਇਹ ਸਵਾਲ ਉਠਾਇਆ ਗਿਆ ਸੀ ਕਿ ਨਗਰ ਕੌਂਸਲ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ ਲੋਕਾਂ ਅਤੇ ਪੱਤਰਕਾਰਾਂ ਦੇ ਫੋਨ ਕਿਉਂ ਨਹੀਂ ਚੁੱਕਦੇ?

ਪੱਤਰਕਾਰ ਦੇ ਦੱਸਣ ਅਨੁਸਾਰ ਇਸ ਸਬੰਧੀ ਖ਼ਬਰ ਪ੍ਰਕਾਸ਼ਿਤ ਹੋਣ ਤੋਂ ਅਗਲੇ ਦਿਨ ਗੁਰਪ੍ਰੀਤ ਸਿੰਘ ਵਿਰਕ ਨੇ ਉਨ੍ਹਾਂ ਨਾਲ ਕਰੀਬ ਡੇਢ ਘੰਟੇ ਤੋਂ ਵੀ ਵੱਧ ਸਮਾਂ ਗੱਲਬਾਤ ਕੀਤੀ ਸੀ। ਇਸ ਗੱਲਬਾਤ ਦੌਰਾਨ ਉਨ੍ਹਾਂ ਵੱਲੋਂ ਪੱਤਰਕਾਰ ਨੂੰ ਭਰਾ ਕਹਿ ਕੇ ਇਹ ਵੀ ਆਖਿਆ ਗਿਆ ਕਿ ਤੁਸੀਂ ਸਾਡੇ ਭਰਾ ਹੋ, ਸਾਡੇ ਖ਼ਿਲਾਫ਼ ਖ਼ਬਰਾਂ ਨਾ ਛਾਪਿਆ ਕਰੋ। ਪੱਤਰਕਾਰ ਅਨੁਸਾਰ ਇਸ ਦੌਰਾਨ ਇਹ ਗੱਲ ਵੀ ਕਹੀ ਗਈ ਕਿ ਅੱਗੇ ਵੀ ਕੰਮ ਤਾਂ ਸਾਡੇ ਨਾਲ ਹੀ ਪੈਣੇ ਹਨ।

ਇੱਥੇ ਸਵਾਲ ਇਹ ਹੈ ਕਿ ਕੀ ਕਿਸੇ ਜ਼ਿੰਮੇਵਾਰ ਜਨਤਕ ਅਹੁਦੇ 'ਤੇ ਬੈਠੇ ਵਿਅਕਤੀ ਵੱਲੋਂ ਪੱਤਰਕਾਰ ਨੂੰ ਅਜਿਹੀ ਬੇਨਤੀ ਕਰਨੀ ਠੀਕ ਹੈ? ਪੱਤਰਕਾਰ ਦਾ ਕੰਮ ਕਿਸੇ ਨਾਲ ਨਿੱਜੀ ਸਬੰਧ ਨਿਭਾਉਣਾ ਨਹੀਂ, ਸਗੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨ ਅਤੇ ਸਰਕਾਰ ਤੱਕ ਪਹੁੰਚਾਉਣਾ ਹੈ। ਜੇਕਰ ਕੋਈ ਕੰਮ ਚੰਗਾ ਹੋਵੇ ਤਾਂ ਉਸ ਦੀ ਪ੍ਰਸ਼ੰਸਾ ਵੀ ਹੋਣੀ ਚਾਹੀਦੀ ਹੈ ਅਤੇ ਜੇਕਰ ਲੋਕਾਂ ਨੂੰ ਮੁਸ਼ਕਲ ਆ ਰਹੀ ਹੋਵੇ ਤਾਂ ਉਸ ਬਾਰੇ ਸਵਾਲ ਪੁੱਛਣਾ ਵੀ ਪੱਤਰਕਾਰ ਦਾ ਫਰਜ਼ ਹੈ।

ਕਈ ਮਹੀਨਿਆਂ ਬਾਅਦ ਫਿਰ ਉਹੀ ਸਵਾਲ!

ਹੈਰਾਨੀ ਦੀ ਗੱਲ ਹੈ ਕਿ ਪੁਰਾਣੇ ਮਾਮਲੇ ਤੋਂ ਕਈ ਮਹੀਨੇ ਬਾਅਦ ਹੁਣ ਫਿਰ ਵਾਰਡ ਵਾਸੀਆਂ ਦੀਆਂ ਸਮੱਸਿਆਵਾਂ ਸਾਹਮਣੇ ਹਨ ਅਤੇ ਸਾਂਝੀ ਖਬਰ ਦੀ ਟੀਮ ਵੱਲੋਂ ਗੁਰਪ੍ਰੀਤ ਸਿੰਘ ਵਿਰਕ ਨਾਲ ਸੰਪਰਕ ਕਰਕੇ ਉਨ੍ਹਾਂ ਦਾ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਟੀਮ ਅਨੁਸਾਰ ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਗੱਲਬਾਤ ਨਹੀਂ ਹੋ ਸਕੀ।

ਹੁਣ ਸਵਾਲ ਇਹ ਨਹੀਂ ਕਿ ਗੁਰਪ੍ਰੀਤ ਸਿੰਘ ਵਿਰਕ ਨਗਰ ਕੌਂਸਲ ਦੇ ਪ੍ਰਧਾਨ ਹਨ, ਸਵਾਲ ਇਹ ਹੈ ਕਿ ਉਹ ਪਹਿਲਾਂ ਵਾਰਡ ਨੰਬਰ 31 ਦੇ ਚੁਣੇ ਹੋਏ ਐਮ.ਸੀ. ਹਨ। ਜੇਕਰ ਆਪਣੇ ਹੀ ਵਾਰਡ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਜਵਾਬ ਨਹੀਂ ਮਿਲੇਗਾ ਤਾਂ ਆਮ ਨਾਗਰਿਕ ਆਪਣੀ ਫਰਿਆਦ ਲੈ ਕੇ ਕਿੱਥੇ ਜਾਵੇ?

ਲੋਕਾਂ ਨੂੰ ਚੋਣਾਂ ਸਮੇਂ ਹੱਥ ਜੋੜ ਕੇ ਵੋਟਾਂ ਮੰਗਣ ਵਾਲੇ ਨੁਮਾਇੰਦਿਆਂ ਤੋਂ ਚੋਣਾਂ ਤੋਂ ਬਾਅਦ ਵੀ ਜਵਾਬਦੇਹੀ ਦੀ ਉਮੀਦ ਹੁੰਦੀ ਹੈ। ਵਿਕਾਸ ਕੋਈ ਅਹਿਸਾਨ ਨਹੀਂ, ਇਹ ਜਨਤਾ ਦਾ ਹੱਕ ਹੈ।

ਸਾਂਝੀ ਖਬਰ ਦੇ ਸਿੱਧੇ ਸਵਾਲ:

1. ਵਾਰਡ ਨੰਬਰ 31 ਵਿੱਚ ਪਾਈਪਾਂ ਪਾਉਣ ਤੋਂ ਬਾਅਦ ਪੁੱਟੀ ਗਲੀ ਦੀ ਮੁਰੰਮਤ ਕਦੋਂ ਹੋਵੇਗੀ?
2. ਖੁੱਲ੍ਹੇ ਸੀਵਰੇਜ ਢੱਕਣ ਅਤੇ ਸਫ਼ਾਈ ਦੀਆਂ ਸਮੱਸਿਆਵਾਂ ਦਾ ਹੱਲ ਕਦੋਂ ਹੋਵੇਗਾ?
3. ਕੀ ਆਪਣੇ ਵਾਰਡ ਦੇ ਲੋਕਾਂ ਦੇ ਫੋਨ ਚੁੱਕਣਾ ਅਤੇ ਉਨ੍ਹਾਂ ਨੂੰ ਜਵਾਬ ਦੇਣਾ ਵੀ ਐਮ.ਸੀ. ਦੀ ਜ਼ਿੰਮੇਵਾਰੀ ਨਹੀਂ?
4. ਜੇਕਰ ਪੱਤਰਕਾਰ ਲੋਕਾਂ ਦੇ ਮੁੱਦੇ ਉਠਾਉਣ ਤਾਂ ਕੀ ਉਨ੍ਹਾਂ ਨੂੰ ਖ਼ਬਰਾਂ ਨਾ ਛਾਪਣ ਦੀ ਬੇਨਤੀ ਕਰਨੀ ਵਾਜਬ ਹੈ?

ਸਾਂਝੀ ਖਬਰ ਵੱਲੋਂ ਨਗਰ ਕੌਂਸਲ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਵਿਰਕ ਨੂੰ ਅਪੀਲ ਹੈ ਕਿ ਉਹ ਇਸ ਮਾਮਲੇ 'ਤੇ ਆਪਣਾ ਪੱਖ ਜਨਤਕ ਕਰਨ ਅਤੇ ਵਾਰਡ ਨੰਬਰ 31 ਦੀਆਂ ਸਮੱਸਿਆਵਾਂ ਦਾ ਹੱਲ ਕਰਵਾਉਣ ਲਈ ਸਮਾਂਬੱਧ ਕਾਰਵਾਈ ਕਰਨ। ਉਨ੍ਹਾਂ ਦਾ ਪੱਖ ਮਿਲਣ 'ਤੇ ਉਸ ਨੂੰ ਵੀ ਪੂਰੀ ਜਗ੍ਹਾ ਦਿੱਤੀ ਜਾਵੇਗੀ।

ਯਾਦ ਰੱਖੋ, ਪੱਤਰਕਾਰ ਦੀ ਕਲਮ ਕਿਸੇ ਦੀ ਨਿੱਜੀ ਵਿਰੋਧੀ ਨਹੀਂ ਹੁੰਦੀ। ਇਹ ਲੋਕਾਂ ਦੀ ਆਵਾਜ਼ ਹੁੰਦੀ ਹੈ। ਰਿਸ਼ਤੇ ਆਪਣੀ ਜਗ੍ਹਾ ਹਨ ਅਤੇ ਜਨਤਾ ਪ੍ਰਤੀ ਜਵਾਬਦੇਹੀ ਆਪਣੀ ਜਗ੍ਹਾ।

ਬਲਟਾਣਾ ਵਿੱਚ ਵਿਕਾਸ ਦੇ ਦਾਅਵਿਆਂ ਦੀ ਖੁੱਲ੍ਹੀ ਪੋਲ! ਟੁੱਟਿਆ ਮੇਨਹੋਲ ਬਣਿਆ ਹਾਦਸਿਆਂ ਨੂੰ ਸੱਦਾ

ਸਾਂਝੀ ਖ਼ਬਰ

ਛੋਟੇ-ਛੋਟੇ ਕੰਮ ਵੀ ਨਹੀਂ ਹੋ ਰਹੇ ਪੱਕੇ, ਕੁਝ ਦਿਨ ਪਹਿਲਾਂ ਰੱਖਿਆ ਢੱਕਣ ਮੁੜ ਹੋਇਆ ਖਸਤਾ; ਵਾਰਡ ਨੰਬਰ 31 ਦੇ ਲੋਕਾਂ ਨੇ ਨਗਰ ਕੌਂਸਲ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ ਤੋਂ ਮੰਗਿਆ ਜਵਾਬ।





ਦਿਲਬਾਗ ਸਿੰਘ ਕੰਬੋਜ
ਬਲਟਾਣਾ

ਪਿੰਡ ਬਲਟਾਣਾ ਵਿੱਚ ਵਿਕਾਸ ਕਾਰਜਾਂ ਦੇ ਦਾਅਵਿਆਂ ਵਿਚਕਾਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਤਸਵੀਰ ਪੇਸ਼ ਕਰ ਰਹੀ ਹੈ। ਸਰਕਾਰੀ ਹਾਈ ਸਕੂਲ ਬਲਟਾਣਾ ਦੇ ਸਾਹਮਣੇ ਸਥਿਤ ਕੁਲਵਿੰਦਰ ਸਿੰਘ ਸੋਹੀ ਮਾਰਗ, ਜੋ ਗੁਰਦੁਆਰਾ ਸਾਹਿਬ ਤੋਂ ਹੁੰਦਾ ਹੋਇਆ ਪਿੰਡ ਅਤੇ ਪੁਲਿਸ ਚੌਂਕੀ ਵੱਲ ਜਾਂਦਾ ਹੈ, ਉੱਥੇ ਨਗਰ ਖੇੜਾ ਮਹਾਰਾਜ ਜੀ ਵੱਲ ਜਾਣ ਵਾਲੀ ਗਲੀ ਦੇ ਸ਼ੁਰੂਆਤੀ ਹਿੱਸੇ ਵਿੱਚ ਮੇਨਹੋਲ ਅਤੇ ਉਸ ਦੇ ਢੱਕਣ ਦੀ ਹਾਲਤ ਬੇਹੱਦ ਖਸਤਾ ਦਿਖਾਈ ਦੇ ਰਹੀ ਹੈ।

ਇਲਾਕਾ ਵਾਸੀਆਂ ਅਨੁਸਾਰ ਕੁਝ ਦਿਨ ਪਹਿਲਾਂ ਹੀ ਇਸ ਮੇਨਹੋਲ ਨੂੰ ਠੀਕ ਕਰਕੇ ਨਵਾਂ ਢੱਕਣ ਰੱਖਿਆ ਗਿਆ ਸੀ, ਪਰ ਹੈਰਾਨੀ ਦੀ ਗੱਲ ਹੈ ਕਿ ਥੋੜ੍ਹੇ ਹੀ ਸਮੇਂ ਵਿੱਚ ਇਸ ਦੀ ਹਾਲਤ ਮੁੜ ਖਰਾਬ ਹੋ ਗਈ। ਹੁਣ ਸਵਾਲ ਇਹ ਉੱਠਦਾ ਹੈ ਕਿ ਜੇਕਰ ਛੋਟੇ-ਛੋਟੇ ਕੰਮ ਵੀ ਪੱਕੇ ਅਤੇ ਸਹੀ ਤਰੀਕੇ ਨਾਲ ਨਹੀਂ ਕੀਤੇ ਜਾ ਰਹੇ ਤਾਂ ਵੱਡੇ ਵਿਕਾਸ ਕਾਰਜਾਂ ਦੇ ਦਾਅਵਿਆਂ ਨੂੰ ਲੋਕ ਕਿਵੇਂ ਸਹੀ ਮੰਨਣ?

ਪਿੰਡ ਬਲਟਾਣਾ ਵਿੱਚ ਸਮੱਸਿਆਵਾਂ ਦੀ ਸੂਚੀ ਲੰਬੀ ਹੁੰਦੀ ਜਾ ਰਹੀ ਹੈ। ਕਿਤੇ ਕੂੜੇ ਦੇ ਢੇਰ ਲੱਗੇ ਹੋਏ ਹਨ, ਕਿਤੇ ਅਵਾਰਾ ਪਸ਼ੂ ਲੋਕਾਂ ਲਈ ਮੁਸੀਬਤ ਬਣੇ ਹੋਏ ਹਨ, ਕਿਤੇ ਗਲੀਆਂ ਪੁੱਟੀਆਂ ਪਈਆਂ ਹਨ ਅਤੇ ਕਿਤੇ ਮੇਨਹੋਲਾਂ ਦੇ ਢੱਕਣ ਟੁੱਟੇ ਹੋਏ ਹਨ। ਕਈ ਥਾਵਾਂ 'ਤੇ ਸੀਵਰੇਜ ਲੀਕ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਲਾਕਾ ਵਾਸੀਆਂ ਵੱਲੋਂ ਘਰਾਂ ਵਿੱਚ ਤਰੇੜਾਂ ਆਉਣ ਅਤੇ ਨੀਂਹਾਂ ਵਿੱਚ ਪਾਣੀ ਜਾਣ ਵਰਗੀਆਂ ਚਿੰਤਾਵਾਂ ਵੀ ਜਤਾਈਆਂ ਜਾ ਰਹੀਆਂ ਹਨ।

ਲੋਕਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਵੱਲੋਂ ਕਈ ਵਾਰ ਕੰਮ ਸ਼ੁਰੂ ਤਾਂ ਕਰ ਦਿੱਤੇ ਜਾਂਦੇ ਹਨ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਮੁਕੰਮਲ ਕਰਨ ਅਤੇ ਗੁਣਵੱਤਾ ਯਕੀਨੀ ਬਣਾਉਣ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ। ਲੋਕਾਂ ਨੂੰ ਡਰ ਹੈ ਕਿ ਕਿਤੇ ਕਿਸੇ ਦਿਨ ਖੁੱਲ੍ਹੇ ਜਾਂ ਕਮਜ਼ੋਰ ਮੇਨਹੋਲ ਕਾਰਨ ਕੋਈ ਵੱਡਾ ਹਾਦਸਾ ਨਾ ਵਾਪਰ ਜਾਵੇ। ਸਵਾਲ ਇਹ ਵੀ ਹੈ ਕਿ ਕੀ ਪ੍ਰਸ਼ਾਸਨ ਕਿਸੇ ਅਣਸੁਖਾਵੀਂ ਘਟਨਾ ਦੀ ਉਡੀਕ ਕਰ ਰਿਹਾ ਹੈ?

ਇਸ ਮਾਮਲੇ ਵਿੱਚ ਸਿੱਧਾ ਸਵਾਲ ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਵਿਰਕ ਅਤੇ ਵਾਰਡ ਨੰਬਰ 31 ਦੇ ਸਬੰਧਤ ਐਮਸੀ ਸਾਹਿਬਾਨ ਤੋਂ ਹੈ। ਜਦੋਂ ਵਾਰਡ ਨੰਬਰ 31 ਦੇ ਲੋਕਾਂ ਨੇ ਤੁਹਾਨੂੰ ਵੋਟਾਂ ਪਾ ਕੇ ਵੱਡੀ ਜ਼ਿੰਮੇਵਾਰੀ ਸੌਂਪੀ ਹੈ ਤਾਂ ਉਨ੍ਹਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਕਰਵਾਉਣਾ ਵੀ ਤੁਹਾਡੀ ਜ਼ਿੰਮੇਵਾਰੀ ਹੈ।

ਲੋਕਾਂ ਦਾ ਸਵਾਲ ਹੈ ਕਿ ਜਦੋਂ ਤੁਹਾਡੇ ਕੋਲ ਸੱਤਾ ਅਤੇ ਕੰਮ ਕਰਵਾਉਣ ਦੀ ਤਾਕਤ ਹੈ ਤਾਂ ਫਿਰ ਇਹ ਕੰਮ ਵੀ ਅਧੂਰੇ ਕਿਉਂ ਪਏ ਹਨ? ਜੇਕਰ ਤੁਹਾਡੇ ਕਾਰਜਕਾਲ ਅਤੇ ਅਧਿਕਾਰਾਂ ਦੇ ਬਾਵਜੂਦ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਤਾਂ ਫਿਰ ਇਹ ਕੰਮ ਕਦੋਂ ਹੋਣਗੇ?


ਸਬੰਧਤ ਨਗਰ ਕੌਂਸਲ ਅਧਿਕਾਰੀਆਂ ਅਤੇ ਜਨਪ੍ਰਤੀਨਿਧੀਆਂ ਨੂੰ ਚਾਹੀਦਾ ਹੈ ਕਿ ਇਸ ਮੇਨਹੋਲ ਨੂੰ ਤੁਰੰਤ ਸੁਰੱਖਿਅਤ ਢੰਗ ਨਾਲ ਠੀਕ ਕਰਵਾਇਆ ਜਾਵੇ ਅਤੇ ਬਲਟਾਣਾ ਦੀਆਂ ਹੋਰ ਸਮੱਸਿਆਵਾਂ ਦਾ ਵੀ ਸਥਾਈ ਹੱਲ ਕੀਤਾ ਜਾਵੇ, ਤਾਂ ਜੋ ਕਿਸੇ ਹਾਦਸੇ ਤੋਂ ਬਾਅਦ ਕਾਰਵਾਈ ਕਰਨ ਦੀ ਬਜਾਏ ਪਹਿਲਾਂ ਹੀ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਸਾਂਝੀ ਖ਼ਬਰ ਦਾ ਸਵਾਲ — ਵਿਕਾਸ ਸਿਰਫ਼ ਦਾਅਵਿਆਂ ਅਤੇ ਕਾਗਜ਼ਾਂ ਵਿੱਚ ਨਹੀਂ, ਜ਼ਮੀਨ 'ਤੇ ਵੀ ਨਜ਼ਰ ਆਉਣਾ ਚਾਹੀਦਾ ਹੈ।

ਲੇਖਿਕਾ ਸੁਰਜੀਤ ਸਾਰੰਗ ਜੀ ਨੂੰ ਇੰਟਰਨੈਸ਼ਨਲ ਸਿੱਖ ਕੌਂਸਲ ਵੱਲੋਂ 'ਐਕਟਿਵ ਵਲੰਟੀਅਰ ਐਵਾਰਡ' ਨਾਲ ਕੀਤਾ ਸਨਮਾਨਿਤ

ਸਾਂਝੀ ਖ਼ਬਰ

ਬੀਬੀ ਤਰਵਿੰਦਰ ਕੌਰ ਖ਼ਾਲਸਾ ਨੇ ਪ੍ਰਸ਼ੰਸਾ ਪੱਤਰ ਭੇਟ ਕਰਕੇ ਸਮਾਜ ਸੇਵਾ ਅਤੇ ਸਮਰਪਣ ਦੀ ਕੀਤੀ ਸ਼ਲਾਘਾ



(ਗੁਰਭਿੰਦਰ ਗੁਰੀ)
ਚੰਡੀਗੜ੍ਹ

ਇੰਟਰਨੈਸ਼ਨਲ ਸਿੱਖ ਕੌਂਸਲ ਵੱਲੋਂ ਲੇਖਿਕਾ ਸੁਰਜੀਤ ਸਾਰੰਗ ਜੀ ਨੂੰ ਸੰਸਥਾ ਲਈ ਦਿੱਤੀਆਂ ਕੀਮਤੀ ਸੇਵਾਵਾਂ, ਸਮਰਪਣ ਅਤੇ ਸਰਗਰਮ ਯੋਗਦਾਨ ਦੇ ਮੱਦੇਨਜ਼ਰ 'ਐਕਟਿਵ ਵਲੰਟੀਅਰ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੀ ਪ੍ਰਧਾਨ ਬੀਬੀ ਤਰਵਿੰਦਰ ਕੌਰ ਖ਼ਾਲਸਾ ਵੱਲੋਂ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤਾ ਗਿਆ।

ਸੰਸਥਾ ਵੱਲੋਂ ਜਾਰੀ ਪ੍ਰਸ਼ੰਸਾ ਪੱਤਰ ਵਿੱਚ ਸੁਰਜੀਤ ਸਾਰੰਗ ਜੀ ਦੇ ਕੀਮਤੀ ਸਮੇਂ, ਲਗਨ ਅਤੇ ਨਿਸ਼ਕਾਮ ਸੇਵਾ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਇੱਕ ਸਰਗਰਮ ਵਲੰਟੀਅਰ ਵਜੋਂ ਉਨ੍ਹਾਂ ਦੇ ਯੋਗਦਾਨ ਨੇ ਸੰਸਥਾ ਦੇ ਮਿਸ਼ਨ ਅਤੇ ਭਾਈਚਾਰੇ ਦੀ ਭਲਾਈ ਲਈ ਸਕਾਰਾਤਮਕ ਪ੍ਰਭਾਵ ਪਾਇਆ ਹੈ।

ਇੰਟਰਨੈਸ਼ਨਲ ਸਿੱਖ ਕੌਂਸਲ ਦਾ ਉਦੇਸ਼ ਸੇਵਾ, ਏਕਤਾ ਅਤੇ ਵਿਸ਼ਵ ਪੱਧਰ 'ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਹੈ। ਸੰਸਥਾ ਵੱਲੋਂ ਆਪਣੇ ਮਿਸ਼ਨ ਦੀ ਪੂਰਤੀ ਲਈ ਸਹਿਯੋਗ ਦੇਣ ਵਾਲੀਆਂ ਸ਼ਖ਼ਸੀਅਤਾਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਵੀ ਇਸੇ ਉਪਰਾਲੇ ਦਾ ਹਿੱਸਾ ਹੈ।

ਇਹ ਸਨਮਾਨ ਸੁਰਜੀਤ ਸਾਰੰਗ ਜੀ ਵੱਲੋਂ ਨਿਭਾਈ ਜਾ ਰਹੀ ਸੇਵਾ ਭਾਵਨਾ ਅਤੇ ਸੰਸਥਾ ਨਾਲ ਜੁੜੇ ਯੋਗਦਾਨ ਦੀ ਪ੍ਰਸ਼ੰਸਾ ਵਜੋਂ ਦਿੱਤਾ ਗਿਆ। ਇਸ ਮੌਕੇ ਸੰਸਥਾ ਵੱਲੋਂ ਉਨ੍ਹਾਂ ਦੀਆਂ ਸੇਵਾਵਾਂ ਲਈ ਧੰਨਵਾਦ ਪ੍ਰਗਟ ਕਰਦਿਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਮਾਜ ਅਤੇ ਭਾਈਚਾਰੇ ਦੀ ਬਿਹਤਰੀ ਲਈ ਯੋਗਦਾਨ ਜਾਰੀ ਰੱਖਣ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਗਿਆ।

ਪ੍ਰਕਾਸ਼ ਪੁਰਬ ਸਬੰਧੀ ਪ੍ਰਭਾਤ ਫੇਰੀ ਦਾ ਭਰਵਾ ਸਵਾਗਤ ਕੀਤਾ

ਸਾਂਝੀ ਖ਼ਬਰ



ਵੀਰਪਾਲ ਭਗਤਾ,
ਭਗਤਾ ਭਾਈਕਾ-

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਬਾਬਾ ਵਿਸ਼ਵਕਰਮਾ ਸਾਹਿਬ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਆਰੰਭ ਕੀਤੀ ਗਈ ਪ੍ਰਭਾਤ ਫੇਰੀ ਦਾ ਅੱਜ ਟੇਲਰ ਮਾਸਟਰ ਰਘਵੀਰ ਸਿੰਘ ਨੇੜੇ ਨਵਾਂ ਪੁਲ ਦੇ ਪਰਿਵਾਰ ਵੱਲੋਂ ਭਰਵਾ ਸਵਾਗਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗਵਾਈ ਵਿਚ ਪਹੁੰਚੀ ਪ੍ਰਭਾਤ ਫੇਰੀ ਸਮੇਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਸਮੂਲੀਅਤ ਕੀਤੀ।

ਗੁਰਦੁਆਰਾ ਬਾਬਾ ਵਿਸ਼ਵਕਰਮਾ ਸਾਹਿਬ ਭਗਤਾ ਭਾਈ ਕਮੇਟੀ ਦੇ ਆਗੂ ਮਿਸਤਰੀ ਨਿਰਮਲ ਸਿੰਘ, ਰਛਪਾਲ ਸਿੰਘ ਨਿੱਕਾ ਧੀਮਾਨ ਅਤੇ ਦਵਿੰਦਰ ਸਿੰਘ ਮਠਾੜੂ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੁਰੂ ਕੀਤੀਆਂ ਗਈਆਂ ਪ੍ਰਭਾਤ ਫੇਰੀਆਂ ਨੂੰ ਲੈ ਕੇ ਸੰਗਤਾਂ ਵਿਚ ਵੱਡਾ ਉਤਸਾਹ ਪਾਇਆ ਜਾਂ ਰਿਹਾ ਹੈ। ਪ੍ਰਭਾਤ ਫੇਰੀ ਸਬੰਧੀ ਸਮਾਗਮ ਦੌਰਾਨ ਗਿਆਨੀ ਸਿਕੰਦਰ ਸਿੰਘ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ ਅਤੇ ਉੱਘੇ ਢਾਡੀ ਬਲਵਿੰਦਰ ਸਿੰਘ ਭਗਤਾ ਨੇ ਬਾਬਾ ਨਾਮਦੇਵ ਜੀ ਜੀਵਨ ਸਬੰਧੀ ਵਾਰ ਪੇਸ਼ ਕਰਤੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਪ੍ਰਬੰਧਕਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਤੋਂ ਸੁਰੂ ਹੋਣ ਵਾਲੀਆਂ ਇਨ੍ਹਾਂ ਪ੍ਰਭਾਤ ਫੇਰੀਆਂ ਦਾ ਉਦੇਸ਼ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨਾਲ ਜੋੜਨਾ ਅਤੇ ਗੁਰਬਾਣੀ, ਸਿਮਰਨ ਤੇ ਸੇਵਾ ਦੀ ਭਾਵਨਾ ਨੂੰ ਪ੍ਰਫੁੱਲਤ ਕਰਨਾ ਹੈ। ਇਸ ਮੌਕੇ ਵੱਖ ਵੱਖ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਪਰਿਵਾਰਿਕ ਮੈਂਬਰ ਮਨਦੀਪ ਸਿੰਘ ਬਿੱਲਾ ਅਤੇ ਗੁਰਮੀਤ ਸਿੰਘ ਵਿੱਕੀ ਨੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ਬੂਟਾ ਸਿੰਘ ਸਿੱਧੂ ਸਾਬਕਾ ਪ੍ਰਧਾਨ, ਰਾਕੇਸ਼ ਕੁਮਾਰ ਗੋਇਲ ਸਾਬਕਾ ਪ੍ਰਧਾਨ, ਆਤਮਾ ਸਿੰਘ ਮਹਿਲ, ਸੁਰਿੰਦਰ ਕਟਾਰੀਆ, ਗੁਰਚਰਨ ਸਿੰਘ ਖਾਲਸਾ ਆਦਿ ਹਾਜਰ ਸਨ।

ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕੀਤੀ ਵਿਸ਼ੇਸ਼ ਸ਼ਿਰਕਤ, ਖਿਡਾਰੀਆਂ ਦਾ ਵਧਾਇਆ ਹੌਸਲਾ

ਸਾਂਝੀ ਖ਼ਬਰ

ਜਲੰਧਰ ਦੇ ਸੁਰਜੀਤ ਹਾਕੀ ਸਟੇਡੀਅਮ ਵਿੱਚ ਭਾਰਤ ਅਤੇ ਕੋਰੀਆ ਵਿਚਾਲੇ ਮੁਕਾਬਲੇ ਦੌਰਾਨ ਖਿਡਾਰੀਆਂ ਨੂੰ ਕੀਤਾ ਸਨਮਾਨਿਤ, ਖੇਡ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ 'ਤੇ ਦਿੱਤਾ ਜ਼ੋਰ



ਜਸਵੀਰ ਸਿੰਘ ਮਣਕੂ
ਖੰਨਾ, 3 ਨਵੰਬਰ

ਜਲੰਧਰ ਦੇ ਸੁਰਜੀਤ ਹਾਕੀ ਸਟੇਡੀਅਮ ਵਿੱਚ ਆਯੋਜਿਤ 'ਹੀਰੋ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਪੰਜਾਬ 2026' ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਭਾਰਤ ਅਤੇ ਕੋਰੀਆ ਵਿਚਾਲੇ ਖੇਡੇ ਗਏ ਮੁਕਾਬਲੇ ਦੌਰਾਨ ਖਿਡਾਰੀਆਂ ਦਾ ਉਤਸ਼ਾਹ ਵਧਾਇਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ। ਇਸ ਦੌਰਾਨ ਭਾਰਤ ਵੱਲੋਂ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਨੂੰ 'ਹੀਰੋ ਆਫ਼ ਦ ਮੈਚ' ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਮੰਤਰੀ ਸੌਂਦ ਨੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਸਮਰੱਥਾ ਦਾ ਪ੍ਰਦਰਸ਼ਨ ਹੀ ਨਹੀਂ, ਸਗੋਂ ਅਨੁਸ਼ਾਸਨ, ਮਿਹਨਤ, ਟੀਮ ਭਾਵਨਾ ਅਤੇ ਦੇਸ਼ ਦੇ ਮਾਣ-ਸਨਮਾਨ ਨਾਲ ਵੀ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਸਰਕਾਰ ਦਾ ਉਦੇਸ਼ ਪੰਜਾਬ ਨੂੰ ਮੁੜ ਖੇਡਾਂ ਦੇ ਖੇਤਰ ਵਿੱਚ ਕੌਮੀ ਪੱਧਰ 'ਤੇ ਮੋਹਰੀ ਪਛਾਣ ਦਿਵਾਉਣਾ ਅਤੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਬਿਹਤਰ ਮੌਕੇ ਤੇ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਮੰਤਰੀ ਸੌਂਦ ਨੇ ਕਿਹਾ ਕਿ ਪੰਜਾਬ ਦੀ ਧਰਤੀ ਨੇ ਹਮੇਸ਼ਾ ਦੇਸ਼ ਨੂੰ ਬਿਹਤਰੀਨ ਖਿਡਾਰੀ ਦਿੱਤੇ ਹਨ ਅਤੇ ਸਰਕਾਰ ਖਿਡਾਰੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਅੱਗੇ ਵਧਣ ਲਈ ਉਤਸ਼ਾਹਿਤ ਕਰਨ ਦੇ ਯਤਨ ਲਗਾਤਾਰ ਜਾਰੀ ਰੱਖੇਗੀ।

ਕੈਬਨਿਟ ਮੰਤਰੀ ਸੌਂਦ ਨੇ ਪਿੰਡ ਬੀਜਾ ਦੇ 330 ਪਰਿਵਾਰਾਂ ਨੂੰ ਵੰਡੇ ਪ੍ਰਾਪਰਟੀ ਕਾਰਡ

ਸਾਂਝੀ ਖ਼ਬਰ

ਕਿਹਾ! ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਹੈ ਵਚਨਬੱਧ



(ਜਸਵੀਰ ਸਿੰਘ ਮਣਕੂ)
ਖੰਨਾ, (ਲੁਧਿਆਣਾ) 03 ਨਵੰਬਰ

ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਵਿਧਾਨ ਸਭਾ ਹਲਕਾ ਖੰਨਾ ਦੇ ਪਿੰਡ ਬੀਜਾ ਦੇ 330 ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਵੰਡੇ।

ਪਿੰਡ ਬੀਜਾ ਵਿਖੇ ਕਰਵਾਏ ਸਮਾਗਮਾਂ ਦੌਰਾਨ ਉਨ੍ਹਾਂ ਕਿਹਾ ਕਿ ਘਰ ਦੀ ਮਾਲਕੀ ਦੇ ਦਸਤਾਵੇਜ਼ ਮਿਲਣਾ ਪਰਿਵਾਰਾਂ ਲਈ ਤਸੱਲੀ ਅਤੇ ਮਾਣ ਵਾਲਾ ਪਲ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿੰਡ ਬੀਜਾ ਦੇ 330 ਪਰਿਵਾਰਾਂ ਨੂੰ ਉਨ੍ਹਾਂ ਦੀਆਂ ਰਿਹਾਇਸ਼ੀ ਜਾਇਦਾਦਾਂ ਦੇ ਪ੍ਰਾਪਰਟੀ ਕਾਰਡ ਸੌਂਪੇ ਗਏ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਲਾਲ ਲਕੀਰ ਅੰਦਰਲੇ ਘਰਾਂ ਵਿੱਚ ਲੰਮੇ ਸਮੇਂ ਤੋਂ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਦੀ ਦਸਤਾਵੇਜ਼ੀ ਪਛਾਣ ਦੇਣਾ ਇਸ ਸਕੀਮ ਦਾ ਅਹਿਮ ਉਦੇਸ਼ ਹੈ।

ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਜਿਨ੍ਹਾਂ ਘਰਾਂ ਨਾਲ ਪਰਿਵਾਰਾਂ ਦੀਆਂ ਪੀੜ੍ਹੀਆਂ ਦੀਆਂ ਯਾਦਾਂ, ਮਿਹਨਤ ਅਤੇ ਜਜ਼ਬਾਤ ਜੁੜੇ ਹੋਏ ਹਨ, ਉਨ੍ਹਾਂ ਦੀ ਮਾਲਕੀ ਦਾ ਸਪੱਸ਼ਟ ਰਿਕਾਰਡ ਹੋਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਈ ਪਰਿਵਾਰ ਦਹਾਕਿਆਂ ਤੋਂ ਆਪਣੇ ਘਰਾਂ ਵਿੱਚ ਰਹਿਣ ਦੇ ਬਾਵਜੂਦ ਮਾਲਕੀ ਦੇ ਰਸਮੀ ਦਸਤਾਵੇਜ਼ਾਂ ਦੀ ਘਾਟ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਆ ਰਹੇ ਸਨ। 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਅਜਿਹੇ ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਮੁਹੱਈਆ ਕਰਵਾਉਣ ਨਾਲ ਉਨ੍ਹਾਂ ਨੂੰ ਆਪਣੀ ਜਾਇਦਾਦ ਦੀ ਪਛਾਣ ਅਤੇ ਮਾਲਕੀ ਸਬੰਧੀ ਦਸਤਾਵੇਜ਼ੀ ਆਧਾਰ ਮਿਲ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਜਾਇਦਾਦ ਦਾ ਸਪੱਸ਼ਟ ਰਿਕਾਰਡ ਪਰਿਵਾਰਾਂ ਦੇ ਭਵਿੱਖ ਲਈ ਵੀ ਅਹਿਮ ਹੈ। ਇਹ ਦਸਤਾਵੇਜ਼ ਮਾਲਕੀ ਸਬੰਧੀ ਅਸਪੱਸ਼ਟਤਾ ਘਟਾਉਣ ਅਤੇ ਜਾਇਦਾਦ ਨਾਲ ਜੁੜੇ ਮਾਮਲਿਆਂ ਵਿੱਚ ਰਿਕਾਰਡ ਪੇਸ਼ ਕਰਨ ਲਈ ਮਦਦਗਾਰ ਹੋ ਸਕਦੇ ਹਨ। ਇਸ ਤੋਂ ਇਲਾਵਾ, ਲੋੜ ਪੈਣ 'ਤੇ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਦੀਆਂ ਲਾਗੂ ਸ਼ਰਤਾਂ ਅਨੁਸਾਰ ਕਰਜ਼ੇ ਲਈ ਅਰਜ਼ੀ ਦੇਣ ਸਮੇਂ ਵੀ ਮਾਲਕੀ ਦੇ ਦਸਤਾਵੇਜ਼ ਸਹਾਇਕ ਹੋ ਸਕਦੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਯਤਨ ਹੈ ਕਿ ਲੋਕਾਂ ਨੂੰ ਸਰਕਾਰੀ ਸਹੂਲਤਾਂ ਅਤੇ ਆਪਣੇ ਹੱਕਾਂ ਸਬੰਧੀ ਦਸਤਾਵੇਜ਼ ਪ੍ਰਾਪਤ ਕਰਨ ਲਈ ਬੇਲੋੜੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਕੀਮ ਨਾਲ ਸਬੰਧਤ ਬਾਕੀ ਰਹਿੰਦੀ ਕਾਰਵਾਈ ਨੂੰ ਪਾਰਦਰਸ਼ੀ ਅਤੇ ਸਮਾਂਬੱਧ ਢੰਗ ਨਾਲ ਅੱਗੇ ਵਧਾਇਆ ਜਾਵੇ ਅਤੇ ਲੋਕਾਂ ਨੂੰ ਲੋੜੀਂਦੀ ਜਾਣਕਾਰੀ ਤੇ ਮਾਰਗਦਰਸ਼ਨ ਦਿੱਤਾ ਜਾਵੇ।

ਸ੍ਰੀ ਸੌਂਦ ਨੇ ਲਾਭਪਾਤਰੀ ਪਰਿਵਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਰਕਾਰ ਲੋਕਾਂ ਦੀਆਂ ਰੋਜ਼ਾਨਾ ਜ਼ਿੰਦਗੀ ਨਾਲ ਜੁੜੀਆਂ ਲੋੜਾਂ ਨੂੰ ਸਮਝਦਿਆਂ ਉਨ੍ਹਾਂ ਦੇ ਹੱਲ ਲਈ ਕੰਮ ਕਰ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਹਲਕੇ ਦੇ ਬਾਕੀ ਪਿੰਡਾਂ ਵਿੱਚ ਵੀ ਸਕੀਮ ਅਧੀਨ ਯੋਗ ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਅੱਗੇ ਵਧਾਈ ਜਾਵੇਗੀ।

ਇਸ ਮੌਕੇ ਪ੍ਰਾਪਰਟੀ ਕਾਰਡ ਹਾਸਲ ਕਰਨ ਵਾਲੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਘਰਾਂ ਦੀ ਮਾਲਕੀ ਦੇ ਦਸਤਾਵੇਜ਼ ਮਿਲਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਵੱਡੀ ਤਸੱਲੀ ਪ੍ਰਗਟਾਈ ਹੈ।

ਸਮਾਗਮਾਂ ਦੌਰਾਨ ਪ੍ਰਸ਼ਾਸਨ ਅਤੇ ਮਾਲ ਵਿਭਾਗ ਦੇ ਅਧਿਕਾਰੀ ਸ੍ਰੀ ਗੁਰਚਰਨ ਸਿੰਘ ਨਾਇਬ ਤਹਿਸੀਲਦਾਰ,ਬਲਾਕ ਸੰਮਤੀ ਖੰਨਾ ਦੇ ਚੇਅਰਮੈਨ ਸ੍ਰੀ ਲਖਵੀਰ ਸਿੰਘ ਗਿੱਲ, ਸਰਪੰਚ ਸ੍ਰੀਮਤੀ ਸਰਬਜੀਤ ਕੌਰ, ਐਡਵੋਕੇਟ ਸ੍ਰੀ ਅਮਰਿੰਦਰ ਰੰਧਾਵਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

ਬਜ਼ੁਰਗਾਂ ਦਾ ਅਪਮਾਨ ਕਰਨ ਵਾਲਾ ਸਮਾਜ ਕਦੇ ਵੀ ਤਰੱਕੀ ਦੀਆਂ ਬੁਲੰਦੀਆਂ ਨਹੀਂ ਛੂਹ ਸਕਦਾ : ਡਾ. ਰਜਿੰਦਰ ਗਿੱਲ

ਸਾਂਝੀ ਖ਼ਬਰ

ਬਜ਼ੁਰਗਾਂ ਦੀ ਸੇਵਾ ਅਤੇ ਸਤਿਕਾਰ ਸਾਡੀ ਸਮਾਜਿਕ ਤੇ ਨੈਤਿਕ ਜ਼ਿੰਮੇਵਾਰੀ, ਨੌਜਵਾਨ ਪੀੜ੍ਹੀ ਨੂੰ ਚੰਗੇ ਸੰਸਕਾਰ ਦੇਣ ਦੀ ਕੀਤੀ ਅਪੀਲ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 3 ਨਵੰਬਰ

ਡੈਮੋਕਰੇਟਿਕ ਭਾਰਤੀ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਡਾ. ਰਜਿੰਦਰ ਗਿੱਲ ਨੇ ਕਿਹਾ ਕਿ ਬਜ਼ੁਰਗ ਕਿਸੇ ਵੀ ਪਰਿਵਾਰ ਦੀ ਮਜ਼ਬੂਤ ਨੀਂਹ ਅਤੇ ਸਮਾਜ ਦਾ ਕੀਮਤੀ ਸਰਮਾਇਆ ਹੁੰਦੇ ਹਨ। ਉਨ੍ਹਾਂ ਦੀ ਸਾਰੀ ਉਮਰ ਦੀ ਮਿਹਨਤ, ਕੁਰਬਾਨੀ ਅਤੇ ਤਜਰਬਿਆਂ ਸਦਕਾ ਹੀ ਪਰਿਵਾਰ ਅਤੇ ਸਮਾਜ ਅੱਗੇ ਵਧਦੇ ਹਨ। ਅਜਿਹੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਨੂੰ ਬੁਢਾਪੇ ਵਿੱਚ ਪਿਆਰ ਅਤੇ ਸਹਾਰਾ ਦੇਣ ਦੀ ਬਜਾਏ ਅਣਗੌਲਿਆ ਕਰਨਾ ਬੇਹੱਦ ਮੰਦਭਾਗਾ ਹੈ।

ਡਾ. ਗਿੱਲ ਨੇ ਕਿਹਾ ਕਿ ਅੱਜ ਸਮਾਜ ਵਿੱਚ ਪਰਿਵਾਰਕ ਕਦਰਾਂ-ਕੀਮਤਾਂ ਕਮਜ਼ੋਰ ਹੋ ਰਹੀਆਂ ਹਨ। ਨਿੱਜੀ ਰੁਝੇਵਿਆਂ ਅਤੇ ਪਦਾਰਥ-ਵਾਦੀ ਸੋਚ ਕਾਰਨ ਕਈ ਪਰਿਵਾਰ ਆਪਣੇ ਬਜ਼ੁਰਗਾਂ ਨੂੰ ਲੋੜੀਂਦਾ ਸਮਾਂ ਅਤੇ ਸਤਿਕਾਰ ਨਹੀਂ ਦੇ ਰਹੇ। ਜਿਨ੍ਹਾਂ ਮਾਪਿਆਂ ਨੇ ਆਪਣੀਆਂ ਖ਼ੁਸ਼ੀਆਂ ਕੁਰਬਾਨ ਕਰਕੇ ਬੱਚਿਆਂ ਦੇ ਭਵਿੱਖ ਨੂੰ ਸੰਵਾਰਿਆ, ਉਨ੍ਹਾਂ ਨੂੰ ਬੁਢਾਪੇ ਵਿੱਚ ਇਕੱਲੇਪਣ ਦਾ ਸਾਹਮਣਾ ਕਰਨਾ ਪਵੇ, ਇਹ ਸਾਡੇ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦੀ ਸੇਵਾ ਸਿਰਫ਼ ਉਨ੍ਹਾਂ ਦੀਆਂ ਦਵਾਈਆਂ ਅਤੇ ਖਾਣ-ਪੀਣ ਦੀਆਂ ਲੋੜਾਂ ਪੂਰੀਆਂ ਕਰਨ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੂੰ ਪਰਿਵਾਰ ਵਿੱਚ ਬਰਾਬਰ ਦਾ ਮਾਣ, ਪਿਆਰ, ਸੁਰੱਖਿਆ ਅਤੇ ਫ਼ੈਸਲਿਆਂ ਵਿੱਚ ਮਹੱਤਵ ਦੇਣਾ ਵੀ ਜ਼ਰੂਰੀ ਹੈ। ਉਨ੍ਹਾਂ ਦੇ ਤਜਰਬਿਆਂ ਨੂੰ ਸੁਣਨਾ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਹਰ ਪਰਿਵਾਰ ਦੀ ਪਹਿਲ ਹੋਣੀ ਚਾਹੀਦੀ ਹੈ।


ਡਾ. ਰਜਿੰਦਰ ਗਿੱਲ ਨੇ ਕਿਹਾ ਕਿ ਬੱਚਿਆਂ ਦੇ ਚਰਿੱਤਰ ਨਿਰਮਾਣ ਵਿੱਚ ਪਰਿਵਾਰਕ ਮਾਹੌਲ ਦੀ ਅਹਿਮ ਭੂਮਿਕਾ ਹੁੰਦੀ ਹੈ। ਜੇਕਰ ਬੱਚੇ ਆਪਣੇ ਮਾਪਿਆਂ ਨੂੰ ਬਜ਼ੁਰਗਾਂ ਦੀ ਸੇਵਾ ਅਤੇ ਸਤਿਕਾਰ ਕਰਦਿਆਂ ਦੇਖਣਗੇ ਤਾਂ ਉਨ੍ਹਾਂ ਅੰਦਰ ਵੀ ਮਨੁੱਖਤਾ, ਨਿਮਰਤਾ ਅਤੇ ਸਹਿਣ-ਸ਼ੀਲਤਾ ਵਰਗੇ ਗੁਣ ਪੈਦਾ ਹੋਣਗੇ। ਇਸ ਲਈ ਨੌਜਵਾਨ ਪੀੜ੍ਹੀ ਨੂੰ ਚੰਗੇ ਸੰਸਕਾਰ ਦੇਣ ਲਈ ਮਾਪਿਆਂ ਨੂੰ ਆਪਣੇ ਵਿਹਾਰ ਰਾਹੀਂ ਮਿਸਾਲ ਪੇਸ਼ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸਮਾਜ ਦੀ ਅਸਲ ਪਛਾਣ ਉਸ ਦੇ ਕਮਜ਼ੋਰ, ਬੇਸਹਾਰਾ ਅਤੇ ਬਜ਼ੁਰਗ ਵਰਗ ਨਾਲ ਕੀਤੇ ਜਾਂਦੇ ਵਿਹਾਰ ਤੋਂ ਹੁੰਦੀ ਹੈ। ਜਿਹੜਾ ਸਮਾਜ ਆਪਣੇ ਬਜ਼ੁਰਗਾਂ ਦੇ ਤਜਰਬੇ ਅਤੇ ਯੋਗਦਾਨ ਦੀ ਕਦਰ ਨਹੀਂ ਕਰਦਾ, ਉਹ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਜਾਂਦਾ ਹੈ। ਸਾਨੂੰ ਅਜਿਹੀ ਸਮਾਜਿਕ ਵਿਵਸਥਾ ਬਣਾਉਣ ਦੀ ਲੋੜ ਹੈ, ਜਿੱਥੇ ਹਰ ਬਜ਼ੁਰਗ ਨੂੰ ਸੁਰੱਖਿਆ, ਸਤਿਕਾਰ ਅਤੇ ਸਨਮਾਨ ਨਾਲ ਜੀਵਨ ਬਤੀਤ ਕਰਨ ਦਾ ਮੌਕਾ ਮਿਲੇ।ਅੰਤ ਵਿੱਚ ਡਾ. ਗਿੱਲ ਨੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਜ਼ੁਰਗਾਂ ਨੂੰ ਪਰਿਵਾਰ ਉੱਤੇ ਬੋਝ ਸਮਝਣ ਦੀ ਬਜਾਏ ਉਨ੍ਹਾਂ ਨੂੰ ਆਪਣੀ ਅਨਮੋਲ ਦੌਲਤ ਮੰਨਣ। ਉਨ੍ਹਾਂ ਕਿਹਾ ਕਿ ਮਾਪਿਆਂ ਅਤੇ ਬਜ਼ੁਰਗਾਂ ਦੀ ਸੇਵਾ ਕਰਨਾ ਕੋਈ ਅਹਿਸਾਨ ਨਹੀਂ, ਸਗੋਂ ਸਾਡਾ ਫ਼ਰਜ਼ ਹੈ। ਅੱਜ ਅਸੀਂ ਆਪਣੇ ਬਜ਼ੁਰਗਾਂ ਨੂੰ ਜਿੰਨਾ ਸਤਿਕਾਰ ਦੇਵਾਂਗੇ, ਆਉਣ ਵਾਲੀਆਂ ਪੀੜ੍ਹੀਆਂ ਵੀ ਉਸੇ ਤਰ੍ਹਾਂ ਦੇ ਸੰਸਕਾਰ ਅਪਣਾਉਣ-ਗੀਆਂ। ਬਜ਼ੁਰਗਾਂ ਦਾ ਸਤਿਕਾਰ ਹੀ ਮਨੁੱਖਤਾ ਅਤੇ ਸੱਭਿਅਕ ਸਮਾਜ ਦੀ ਅਸਲ ਪਹਿਚਾਣ ਹੈ।

ਦੀਵਾਲੀ ’ਤੇ ਮਿੱਟੀ ਦੇ ਦੀਵੇ ਖਰੀਦ ਕੇ ਦੀਵੇ ਬਣਾਉਣ ਵਾਲੇ ਕਾਰੀਗਰਾਂ ਦੇ ਵੀ ਘਰ ਰੁਸ਼ਨਾਓ : ਡਾ. ਸੋਨੀਆ

ਸਾਂਝੀ ਖ਼ਬਰ

ਸਵਦੇਸ਼ੀ ਵਸਤਾਂ ਅਪਣਾਉਣਾ ਸਮੇਂ ਦੀ ਲੋੜ, ਮਿਹਨਤਕਸ਼ ਪਰਿਵਾਰਾਂ ਦੀ ਮਦਦ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 3 ਨਵੰਬਰ

ਇੰਡੀਅਨ ਓਵਰਸੀਜ਼ ਕਾਂਗਰਸ (ਯੂਰਪ) ਦੇ ਮਹਿਲਾ ਵਿੰਗ ਦੀ ਪ੍ਰਧਾਨ ਅਤੇ ਉੱਘੀ ਸਮਾਜ ਸੇਵਿਕਾ ਡਾ. ਸੋਨੀਆ ਨੇ ਲੋਕਾਂ ਨੂੰ ਦੀਵਾਲੀ ਮੌਕੇ ਚੀਨੀ ਲਾਈਟਾਂ ਦੀ ਬਜਾਏ ਮਿੱਟੀ ਦੇ ਦੀਵੇ ਖਰੀਦਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਵਦੇਸ਼ੀ ਵਸਤਾਂ ਨੂੰ ਤਰਜੀਹ ਦੇਣ ਨਾਲ ਜਿੱਥੇ ਸਾਡੀ ਸੱਭਿਆਚਾਰਕ ਵਿਰਾਸਤ ਸੁਰੱਖਿਅਤ ਰਹੇਗੀ, ਉੱਥੇ ਹੀ ਸਥਾਨਕ ਕਾਰੀਗਰਾਂ ਅਤੇ ਛੋਟੇ ਵਪਾਰੀਆਂ ਨੂੰ ਵੀ ਆਰਥਿਕ ਸਹਾਰਾ ਮਿਲੇਗਾ। ਡਾ. ਸੋਨੀਆ ਨੇ ਕਿਹਾ ਕਿ ਮਿੱਟੀ ਦੇ ਦੀਵੇ ਸਾਡੀਆਂ ਪੁਰਾਤਨ ਰਵਾਇਤਾਂ ਅਤੇ ਸੱਭਿਆਚਾਰ ਦੀ ਪਹਿਚਾਣ ਹਨ। ਆਧੁਨਿਕਤਾ ਦੀ ਦੌੜ ਵਿੱਚ ਇਨ੍ਹਾਂ ਦੀ ਵਰਤੋਂ ਘਟਣ ਕਾਰਨ ਘੁਮਿਆਰਾਂ ਅਤੇ ਰਵਾਇਤੀ ਕਾਰੀਗਰਾਂ ਦੇ ਰੁਜ਼ਗਾਰ ਉੱਤੇ ਅਸਰ ਪੈ ਰਿਹਾ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਤਿਉਹਾਰਾਂ ਦੀ ਖਰੀਦਦਾਰੀ ਦੌਰਾਨ ਇਨ੍ਹਾਂ ਮਿਹਨਤਕਸ਼ ਲੋਕਾਂ ਦੇ ਹੁਨਰ ਅਤੇ ਮਿਹਨਤ ਨੂੰ ਪਹਿਲ ਦੇਣ।

ਉਨ੍ਹਾਂ ਕਿਹਾ ਕਿ ਸਵਦੇਸ਼ੀ ਉਤਪਾਦਾਂ ਦੀ ਵਰਤੋਂ ਨਾਲ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਛੋਟੇ ਕਾਰੋਬਾਰੀਆਂ ਨੂੰ ਰੁਜ਼ਗਾਰ ਦੇ ਬਿਹਤਰ ਮੌਕੇ ਮਿਲਦੇ ਹਨ। ਸਾਡੀ ਕੀਤੀ ਗਈ ਛੋਟੀ ਜਿਹੀ ਖਰੀਦਦਾਰੀ ਵੀ ਕਿਸੇ ਮਿਹਨਤ-ਕਸ਼ ਪਰਿਵਾਰ ਦੀ ਰੋਜ਼ੀ-ਰੋਟੀ ਦਾ ਸਹਾਰਾ ਬਣ ਸਕਦੀ ਹੈ।

ਉਨ੍ਹਾਂ ਕਿਹਾ ਕਿ ਦੀਵਾਲੀ ਖ਼ੁਸ਼ੀਆਂ, ਪਿਆਰ ਅਤੇ ਆਪਸੀ ਭਾਈਚਾਰੇ ਦਾ ਤਿਉਹਾਰ ਹੈ। ਇਸ ਮੌਕੇ ਸਾਨੂੰ ਆਪਣੇ ਘਰਾਂ ਨੂੰ ਰੌਸ਼ਨ ਕਰਨ ਦੇ ਨਾਲ-ਨਾਲ ਲੋੜਵੰਦ ਅਤੇ ਮਿਹਨਤਕਸ਼ ਪਰਿਵਾਰਾਂ ਦੀ ਖ਼ੁਸ਼ਹਾਲੀ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।ਅੰਤ ਵਿੱਚ ਡਾ. ਸੋਨੀਆ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਦੀਵਾਲੀ ਸਵਦੇਸ਼ੀ ਵਸਤਾਂ ਖਰੀਦਣ ਅਤੇ ਮਿੱਟੀ ਦੇ ਦੀਵਿਆਂ ਨੂੰ ਤਰਜੀਹ ਦੇ ਕੇ ਸਥਾਨਕ ਕਾਰੀਗਰਾਂ ਦੀ ਹੌਸਲਾ ਅਫ਼ਜ਼ਾਈ ਕਰਨ। ਉਨ੍ਹਾਂ ਕਿਹਾ ਕਿ ਅਸਲ ਤਿਉਹਾਰੀ ਖ਼ੁਸ਼ੀ ਦੂਜਿਆਂ ਦੇ ਜੀਵਨ ਵਿੱਚ ਖ਼ੁਸ਼ੀਆਂ ਵੰਡਣ ਨਾਲ ਹੀ ਮੁਕੰਮਲ ਹੁੰਦੀ ਹੈ।

ਨਰ ਨਰਾਇਣ ਸੇਵਾ ਸੀਮਿਤੀ ਲੋੜਵੰਦਾਂ ਨੂੰ ਮਹੀਨਾਵਾਰੀ ਰਾਸ਼ਨ ਵੰਡਿਆ

ਸਾਂਝੀ ਖ਼ਬਰ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 3 ਨਵੰਬਰ

ਪਿਛਲੇ 16 ਸਾਲਾਂ ਤੋਂ ਸਮਾਜ ਸੇਵਾ ਦੇ ਕਾਰਜਾਂ ਵਿਚ ਅਗ੍ਰਣੀ ਨਰ ਨਰਾਇਣ ਸੇਵਾ ਸੀਮਿਤੀ ਵਲੋਂ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰੀ ਰਾਸ਼ਨ ਵੰਡਿਆ।ਇਹ ਜਾਣਕਾਰੀ ਦਿੰਦੇ ਹੋਏ ਸੀਮਿਤੀ ਦੇ ਸੰਸਥਾਪਕ ਪ੍ਰਧਾਨ ਮੁਨੀਸ਼ ਭਾਟੀਆ ਨੇ ਦਿੱਸਿਆ ਕਿ ਸੀਮਿਤੀ ਵਲੋਂ ਅੱਜ 31 ਲੋੜਵੰਦ ਪਰਿਵਾਰਾਂ ਨੂੰ ਨਵੰਬਰ ਮਹੀਨੇ ਦਾ ਰਾਸ਼ਨ ਸ਼੍ਰੀ ਲਕਸ਼ਮੀ ਨਰਾਇਣ ਮੰਦਿਰ ਦੇ ਮੈਦਾਨ ਵਿਚ ਵੰਡਿਆ। ਉਨਾਂ ਕਿਹਾ ਕਿ ਸੀਮਿਤੀ ਵਲੋਂ ਇਹ ਮੁਫਤ ਮਹੀਨਾ ਵਾਰੀ ਰਾਸ਼ਨ ਸੇਵਾ ਪਿਛਲੇ 16 ਸਾਲਾਂ ਤੋਂ ਲਗਾਤਾਰ ਚਲ ਰਹੀ ਹੈ ਤਾਂ ਜੋ ਲੋੜਵੰਦ ਪਰਿਵਾਰਾਂ ਦੇ ਘਰਾਂ ਵਿਚ ਚੁੱਲਾ ਚੌਕਾਂ ਜਲਦੇ ਰਹਿਣ ਵਿਚ ਕੁਝ ਮਦਦ ਕੀਤੀ ਜਾ ਸਕੇ। ਉਨਾਂ ਦਿੱਸਿਆ ਕਿ ਇਹ ਸਾਰੇ ਸੇਵਾ ਦੇ ਕਾਰਜ ਮਹੀਨਾ ਵਾਰੀ ਡੋਨਰਾਂ ਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਪੂਰੇ ਕੀਤੇ ਜਾਂਦੇ ਹਨ। ਭਾਟੀਆ ਨੇ ਕਿਹਾ ਕਿ ਇਸ ਤੋਂ ਇਲਾਵਾ ਸੀਮਿਤੀ ਵਲੋਂ ਜਰੂਰਤਮੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਵਿਚ ਮਦਦ, ਗਰੀਬ ਬਚਿੱਆਂ ਲਈ ਕਿਤਾਬਾਂ ,ਸਕੂਲ ਫੀਸ, ਬੂਟ ਜੁਰਾਬਾਂ ਤੇ ਅਪਾਹਜ ਲੋਕਾਂ ਨੂੰ ਨਕਲੀ ਅੰਗ, ਕੰਨਾਂ ਤੋਂ ਸੁਨਣ ਵਾਲੇ ਯੰਤਰ ਆਦਿ ਦਿੱਤੇ ਜਾਂਦੇ ਹਨ। ਉਨਾਂ ਕਿਹਾ ਕਿ ਉਨਾਂ ਦਾ ਯਤਨ ਹੁੰਦਾ ਹੈ ਕਿ ਉਹ ਹਰ ਕਿਸੇ ਲੋੜਵੰਦ ਦੀ ਮਦਦ ਕਰ ਸਕਣ ਤੇ ਸੀਮਿਤੀ ਅਜੇਹੇ ਸੇਵਾ ਕਾਰਜਾਂ ਲਈ ਸਦਾ ਤਤਪਰ ਰਹਿੰਦੀ ਹੈ। ਇਸ ਮੌਕੇ ਵਿਨੋਦ ਅਰੋੜਾ, ਸਤਪਾਲ ਭਾਟੀਆ, ਅਮਿਤ ਕਾਲੜਾ, ਹਰੀਸ਼ ਵਿਰਮਾਨੀ, ਕਰਨੈਲ ਸਿੰਘ, ਹਰੀਸ਼ ਭਾਟੀਆ,ਤੇ ਮੰਦਿਰ ਦੇ ਸੰਚਾਲਕ ਪੰਡਿਤ ਕ੍ਰਿਸ਼ਨਾ ਨੰਦ ਭੱਟ ਆਦਿ ਮੌਜੂਦ ਸਨ।

ਹਰਿਆਣਵੀ ਸੋਲੋ ਡਾਂਸ ਵਿਚ ਵਿਦਿਆਰਥਣਾਂ ਨੇ ਲੋਕ ਨਾਚ ਦੇ ਆਪਣੇ ਮਨਮੋਹਕ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ

ਸਾਂਝੀ ਖ਼ਬਰ

ਰਤਨਾਵਲੀ ਦੇ ਦੂਜੇ ਦਿਨ ਵੱਖ ਵੱਖ ਕਾਲਜਾਂ ਦੇ ਭਾਗੀਦਾਰਾਂ ਨੇ ਹਰਿਆਣਵੀ ਸਭਿਆਚਾਰ ਦੇ ਰੰਗ ਦਿਖਾਏ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 3 ਨਵੰਬਰ

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ ਸੋਮ ਨਾਥ ਸਚਦੇਵਾ ਦੀ ਅਗਵਾਈ ਹੇਠ ਯੁਵਾ ਤੇ ਸਭਿਆਚਾਰਕ ਪ੍ਰੋਗਰਾਮ ਵਿਭਾਗ ਵਲੋਂ ਆਯੋਜਿਤ ਸੂਬਾ ਪੱਧਰੀ ਰਤਨਾਵਲੀ ਦੇ ਦੂਜੇ ਦਿਨ ਹਰਿਆਣਾਵੀ ਲੋਕ ਗੀਤਾਂ ਤੇ ਲੋਕ ਨਾਚਾਂ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਯੂਨੀਵਰਸਿਟੀ ਕੈਂਪਸ ਵਿਚ ਗੂੰਜ ਰਹੇ ਲੋਕ ਸੰਗੀਤ ਦੇ ਵਿਚਕਾਰ,ਕਲਾਕਾਰਾਂ ਨੇ ਆਪਣੀਆਂ ਨਾਚ ਚਾਲਾਂ ਤੇ ਪ੍ਰਗਟਾਵੇ ਰਾਹੀਂ ਹਰਿਆਣਾ ਦੀ ਅਮੀਰ ਸਭਿਆਚਾਰਕ ਵਿਰਾਸਤ ਦੀ ਇਕ ਮਨਮੋਹਕ ਝਲਕ ਪੇਸ਼ ਕੀਤੀ। ਵੱਖ ਵੱਖ ਕਾਲਜਾਂ ਤੇ ਵਿਦਿਅਕ ਸੰਥਾਥਾਵਾਂ ਦੇ ਪ੍ਰਤੀਭਾਗੀਆਂ ਨੇ ਉਤਸਵ ਦੇ ਹਿੱਸੇ ਵਜੋਂ ਆਯੋਜਿਤ ਹਰਿਆਣਵੀ ਸੋਲੋ ਡਾਂਸ ਮਹਿਲਾ, ਮੁਕਾਬਲੇ ਵਿਚ ਉਤਸ਼ਾਹ ਨਾਲ ਹਿੱਸਾ ਲਿਆ। ਆਰੀਆ ਕਾਲਜ ਪਾਨੀਪਤ ਸਟੇਟ ਇੰਸਟੀਚਿਊਟ ਆਫ ਐਡਵਾਂਸਡ ਸੱਟਡੀਜ ਇਨ ਟੀਚਰ ਐਜੁਕੇਸ਼ਨ , ਪਲਵਲ ਸੀ ਆਈ ਐਸ ਗਰਲਜ ਕਾਲਜ, ਢੰਡ ਡਡਵਾਨਾ,ਵੈਸ਼ਿਆ ਗਰਲਜ ਕਾਲਜ ਸਮਾਲਖਾ, ਸ਼ੀ ਵਿਸ਼ਵਕਰਮਾ ਸਕਿੱਲ ਯੂਨੀਵਰਸਿਟੀ ਦੂਧਲਾ , ਕੁਰੂਕਸ਼ੇਤਰ ਯੂਨੀਵਰਸਿਟੀ ਕੈਂਪਸ, ਆਰ ਕੇ ਐਸ ਡੀ ਕਾਲਜ ਕੈਥਲ,ਤੇ ਐਸ ਡੀ ਕਾਲਜ ਕੈਥਲ, ਪਨੀਪਤ ਦੀਆਂ ਵਿਦਿਆਰਥਣਾਂ ਨੇ ਮੁਕਾਬਲੇ ਵਿਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ , ਮੁਕਾਬਲੇ ਦਾ ਨਿਰਣਾ ਭਾਗੀਦਾਰਾਂ ਦੇ ਹਾਵ ਭਾਵ,ਨ੍ਰਿਤ ਸ਼ੈਲੀ, ਸੰਗੀਤਕ ਗੁਣਵੱਤਾ, ਰਵਾਇਤੀ ਪੁਸ਼ਾਕਾਂ ਤੇ ਸਮੁੱਚੀ ਪੇਸ਼ਕਾਰੀ ਦੇ ਆਧਾਰ ਤੇ ਕੀਤਾ ਗਿਆ। ਭਾਗੀਦਾਰਾਂ ਨੇ ਹਰਿਆਣਵੀ ਲੋਕ ਗੀਤਾਂ ਦੀਆਂ ਤਾਲਾਂ ਤੇ ਬੀਟਾਂ ਤੇ ਮਨਮੋਹਕ ਨਾਚ ਪੇਸ਼ ਕਰਕੇ ਸੂਬੇ ਦੀਆਂ ਲੋਕ ਪਰੰਪਰਾਵਾਂ ਨੂੰ ਸਟੇਜ ਤੇ ਜੀਵੰਤ ਕੀਤਾ। ਰਤਨਾਵਲੀ ਉਤਸਵ ਦਾ ਉਦੇਸ਼ ਹਰਿਆਣਾ ਦੇ ਲੋਕ ਸਭਿਆਚਾਰ,ਪਰੰਪਰਾਵਾਂ ਤੇ ਕਲਾਤਮਕ ਵਿਰਾਸਤ ਨੂੰ ਸੁਰਖਿੱਅਤ ਰਖੱਣਾ ਹੈ ਤੇ ਨਾਲ ਹੀ ਨੌਜੁਆਨ ਪੀੜ੍ਹੀ ਨੂੰ ਉਨਾਂ ਦੀਆਂ ਸਭਿਆਚਾ-ਰਕ ਜੜਾਂ ਨਾਲ ਜੋੜਨਾ ਹੈ। ਨੌਜੁਆਨ ਕਲਾਕਾਰਾਂ ਦੀ ਉਤਸ਼ਾਹੀ ਭਾਗੀਦਾਰੀ ਇਸ ਸਮਾਗਮ ਵਿਚ ਨਵੀਂ ਉਰਜਾ ਭਰ ਰਹੀ ਹੈ

ਭੂੰਗਾ-2 ਦੇ ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ ਵਿੱਚ ਫਤਿਹਪੁਰ ਭੱਟਲਾਂ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

ਸਾਂਝੀ ਖ਼ਬਰ

ਇਸ਼ਾ ਰਾਣੀ ਨੇ 'ਪੇਂਡੂ ਵਿਕਾਸ ਲਈ ਵਿਗਿਆਨ' ਅਤੇ ਸਨਵੀ ਨੇ ਆਰਟੀਫ਼ਿਸ਼ਅਲ, ਇੰਟੈਲੀਜੈਂਸੀ ਵਿਸ਼ੇ' ਤਹਿਤ ਪ੍ਰਾਪਤ ਕੀਤਾ ਪਹਿਲਾ ਸਥਾਨ : ਬਲਦੇਵ ਸਿੰਘ ਧੁੱਗਾ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 3 ਨਵੰਬਰ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਨੌੜੀ ਵਿਖੇ ਹੋਏ ਭੂੰਗਾ- ਦੇ ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ ਮੇਲੇ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਭੱਟਲਾ ਦੀਆਂ ਦੇ ਵਿਦਿਆਰਥੀਆਂ ਨੇ ਮੱਲਾਂ ਮਾਰ ਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਰਜਕਾਰੀ ਪ੍ਰਿੰਸੀਪਲ ਬਲਦੇਵ ਸਿੰਘ ਧੁੱਗਾ ਨੇ ਦੱਸਿਆ ਕਿ ਸੈਕੰਡਰੀ ਪੱਧਰ ਦੇ ਮੁਕਾਬਲਿਆਂ ਵਿੱਚ ਦਸਵੀਂ ਜਮਾਤ ਦੀ ਇਸ਼ਾ ਰਾਣੀ ਨੇ 'ਪੇਂਡੂ ਵਿਕਾਸ ਲਈ ਵਿਗਿਆਨ' ਅਤੇ ਸਨਵੀ ਨੇ 'ਆਰਟੀਫਿਸ਼ਅਲ ਇੰਟੈਲੀਜੈਂਸੀ' ਵਿਸ਼ੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਨੌਵੀਂ ਜਮਾਤ ਦੀ ਸੁਹਾਨਾ ਨੇ 'ਗਰੀਨ ਐਨਰਜੀ' ਵਿਸ਼ੇ ਵਿੱਚ, ਰਾਗਨੀ ਨੇ 'ਡਿਸਆਸਟਰ ਮੈਨੇਜਮੈਂਟ', ਯਸ਼ਪ੍ਰੀਤ ਨੇ 'ਹੈਲਥ ਅਤੇ ਹਾਈਜਨ' ਵਿਸ਼ੇ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਹੀ ਤਰ੍ਹਾਂ ਇਸੇ ਹੀ ਤਰ੍ਹਾਂ ਮਿਡਲ ਪੱਧਰ ਦੇ ਮੁਕਾਬਲਿਆਂ ਵਿੱਚ ਅੱਠਵੀਂ ਜਮਾਤ ਦੇ ਲਕਸ਼ ਨੇ' 'ਗਰੀਨ ਐਨਰਜੀ' ਵਿੱਚ ਅਤੇ ਸੱਤਵੀਂ ਜਮਾਤ ਦੇ ਸਾਦਕ ਨੇ ਗਰੀਨ ਐਨਰਜੀ ਐਗਰੀਕਲਚਰ ਵਿਸ਼ੇ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਉਹਨਾਂ ਕਿਹਾ ਕਿ ਇਸ ਸਫਲਤਾ ਦਾ ਸਿਹਰਾ ਸਾਇੰਸ ਅਧਿਆਪਕਾ ਸੁਮਨ ਬਾਲਾ, ਸੁਰਿੰਦਰ ਕੌਰ ਅਤੇ ਸਮੂਹ ਸਟਾਫ ਦੀ ਸਖਤ ਮਿਹਨਤ ਨੂੰ ਜਾਂਦਾ ਹੈ।ਸਰਕਾਰੀ ਸੀਨੀਅਰ ਸੈਕੰਡਰੀ ਲੈਕਚਰਾਰ ਜਸਵਿੰਦਰ ਸਿੰਘ ਸਹੋਤਾ, ਲੈਕਚਰਾਰ ਸੰਜੀਵ ਕੁਮਾਰ ਕਲਸੀ, ਲੈਕਚਰਾਰ ਤਿਲਕ ਰਾਜ, ਲੈਕਚਰਾਰ. ਅੰਮ੍ਰਿਤਪਾਲ ਸਿੰਘ, ਲੈਕਚਰਾਰ. ਸੁਖਦੇਵ ਸਿੰਘ, ਸਤਨਾਮ ਸਿੰਘ, ਅਨੂਪ ਸਿੰਘ, ਦਲਵੀਰ ਸਿੰਘ, ਲਖਬੀਰ ਸਿੰਘ, ਦਵਿੰਦਰ ਸਿੰਘ, ਗੁਰਦੀਪ ਸਿੰਘ, ਗੌਰਵ, ਦੇਵ ਦੱਤ ਸ਼ਰਮਾ, ਬਲਵੰਤ ਸਿੰਘ, ਮੋਹਣ ਲਾਲ, ਰੋਜ਼ੀ ਸ਼ਰਮਾ, ਸੁਮਨ ਬਾਲਾ, ਰਮਨੀਤ ਕੌਰ, ਸੁਰਿੰਦਰ ਕੌਰ, ਮਮਤਾ ਦੇਵੀ, ਸਵਿਤਾ, ਜਸਵਿੰਦਰ ਕੌਰ, ਨਸੀਬ ਚੰਦ ਅਤੇ ਵਿਦਿਆਰਥੀ ਹਾਜ਼ਰ ਸਨ।

ਪੰਜਾਬ ਦੀਆਂ ਸਾਈਕਲਿਸਟ ਧੀਆਂ ਨੇ ਰਚਿਆ ਇਤਿਹਾਸ; ਸੱਤ ਸਾਲ ਪੁਰਾਣਾ ਰਾਸ਼ਟਰੀ ਰਿਕਾਰਡ ਤੋੜ ਕੇ ਜਿੱਤਿਆ ਸੋਨ ਤਗਮਾ

ਸਾਂਝੀ ਖ਼ਬਰ

ਸਬ-ਜੂਨੀਅਰ ਲੜਕੀਆਂ ਦੇ ਟੀਮ ਸਪ੍ਰਿੰਟ ਮੁਕਾਬਲੇ ਵਿੱਚ ਪੰਜਾਬ ਦੀ ਸ਼ਾਨਦਾਰ ਜਿੱਤ; ਲੁਧਿਆਣਾ ਦੀ ਪ੍ਰੀਤੀ ਸ਼ਾਹ ਵੀ ਜੇਤੂ ਟੀਮ ਦਾ ਹਿੱਸਾ



ਲੁਧਿਆਣਾ, 3 ਨਵੰਬਰ
ਜਸਵੀਰ ਸਿੰਘ ਮਣਕੂ

ਪੰਜਾਬ ਦੀਆਂ ਹੋਣਹਾਰ ਸਾਈਕ-ਲਿਸਟ ਧੀਆਂ ਨੇ ਨੈਸ਼ਨਲ ਟਰੈਕ ਸਾਈਕਲਿੰਗ ਚੈਂਪੀਅਨਸ਼ਿਪ ਵਿੱਚ ਸੱਤ ਸਾਲ ਪੁਰਾਣਾ ਰਾਸ਼ਟਰੀ ਰਿਕਾਰਡ ਤੋੜਦਿਆਂ ਸੋਨ ਤਗਮਾ ਜਿੱਤ ਕੇ ਸੂਬੇ ਦਾ ਮਾਣ ਵਧਾਇਆ ਹੈ। ਰਾਂਚੀ ਦੇ ਸਾਈਕਲਿੰਗ ਵੈਲੋਡਰੋਮ ਵਿਖੇ ਚੱਲ ਰਹੀ 78ਵੀਂ ਸੀਨੀਅਰ, 55ਵੀਂ ਜੂਨੀਅਰ ਅਤੇ 41ਵੀਂ ਸਬ-ਜੂਨੀਅਰ ਨੈਸ਼ਨਲ ਟਰੈਕ ਸਾਈਕਲਿੰਗ ਚੈਂਪੀਅਨਸ਼ਿਪ ਦੌਰਾਨ ਪੰਜਾਬ ਦੀ ਸਬ-ਜੂਨੀਅਰ ਲੜਕੀਆਂ ਦੀ ਟੀਮ ਨੇ ਟੀਮ ਸਪ੍ਰਿੰਟ ਮੁਕਾਬਲੇ ਵਿੱਚ 1 ਮਿੰਟ 16 ਸੈਕਿੰਡ ਦਾ ਸਮਾਂ ਦਰਜ ਕਰਦਿਆਂ ਇਹ ਸ਼ਾਨਦਾਰ ਪ੍ਰਾਪਤੀ ਹਾਸਲ ਕੀਤੀ। ਜੇਤੂ ਟੀਮ ਵਿੱਚ ਲੁਧਿਆਣਾ ਦੀ ਪ੍ਰੀਤੀ ਸ਼ਾਹ ਦੀ ਸ਼ਮੂਲੀਅਤ ਨੇ ਜ਼ਿਲ੍ਹੇ ਦੇ ਖੇਡ ਪ੍ਰੇਮੀਆਂ ਦਾ ਮਾਣ ਵੀ ਵਧਾਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਜੇਤੂ ਟੀਮ ਵਿੱਚ ਪ੍ਰੀਤੀ ਸ਼ਾਹ, ਗੁਨਤਾਸ ਸੰਧੂ, ਜਪਨੀਤ ਕੌਰ ਅਤੇ ਪਲਕਪ੍ਰੀਤ ਕੌਰ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਖਿਡਾਰਨਾਂ ਦੀ ਸਖ਼ਤ ਮਿਹਨਤ, ਲਗਾਤਾਰ ਅਭਿਆਸ ਅਤੇ ਆਪਸੀ ਤਾਲਮੇਲ ਨੇ ਪੰਜਾਬ ਨੂੰ ਕੌਮੀ ਪੱਧਰ ’ਤੇ ਇਹ ਸੁਨਹਿਰੀ ਸਫ਼ਲਤਾ ਦਿਵਾਈ ਹੈ।

ਲੁਧਿਆਣਾ ਦੀ ਪ੍ਰੀਤੀ ਸ਼ਾਹ, ਪਿਤਾ ਗਣੇਸ਼ ਸ਼ਾਹ ਅਤੇ ਮਾਤਾ ਰੇਣੂ ਦੇਵੀ ਦੀ ਧੀ ਹੈ। ਰਾਸ਼ਟਰੀ ਰਿਕਾਰਡ ਬਣਾਉਣ ਵਾਲੀ ਟੀਮ ਦਾ ਹਿੱਸਾ ਬਣ ਕੇ ਉਸ ਨੇ ਲੁਧਿਆਣਾ ਦਾ ਨਾਂ ਵੀ ਰੌਸ਼ਨ ਕੀਤਾ ਹੈ। ਟੀਮ ਦੀ ਸਾਥੀ ਖਿਡਾਰਨ ਪਟਿਆਲਾ ਦੀ ਗੁਨਤਾਸ ਸੰਧੂ, ਪਿਤਾ ਗੁਰਮੀਤ ਸਿੰਘ ਅਤੇ ਮਾਤਾ ਪੂਨਮਦੀਪ ਕੌਰ ਦੀ ਧੀ ਹੈ। ਅੰਮ੍ਰਿਤਸਰ ਦੀ ਜਪਨੀਤ ਕੌਰ, ਪਿਤਾ ਜਗਦੀਪ ਸਿੰਘ ਅਤੇ ਮਾਤਾ ਸੁਖਜਿੰਦਰ ਕੌਰ ਦੀ ਧੀ ਹੈ, ਜਦਕਿ ਪਲਕਪ੍ਰੀਤ ਕੌਰ, ਪਿਤਾ ਬਲਜਿੰਦਰ ਸਿੰਘ ਅਤੇ ਮਾਤਾ ਹਰਪ੍ਰੀਤ ਕੌਰ ਦੀ ਧੀ ਹੈ।

ਕਾਹਲੋਂ ਨੇ ਦੱਸਿਆ ਕਿ ਚੈਂਪੀਅਨ-ਸ਼ਿਪ ਦੀ ਤਿਆਰੀ ਲਈ ਪੰਜਾਬ ਸਾਈਕਲਿੰਗ ਟੀਮ ਦਾ ਸਿਖਲਾਈ ਕੈਂਪ ਲੁਧਿਆਣਾ ਵਿਖੇ ਲਗਾਇਆ ਗਿਆ ਸੀ। ਕੈਂਪ ਦੌਰਾਨ ਖਿਡਾਰਨਾਂ ਨੇ ਕੋਚਾਂ ਦੀ ਨਿਗਰਾਨੀ ਹੇਠ ਸਖ਼ਤ ਅਭਿਆਸ ਕੀਤਾ। ਉਨ੍ਹਾਂ ਕਿਹਾ ਕਿ ਸੱਤ ਸਾਲ ਪੁਰਾਣਾ ਰਾਸ਼ਟਰੀ ਰਿਕਾਰਡ ਤੋੜਨਾ ਖਿਡਾਰਨਾਂ ਦੀ ਲਗਨ ਅਤੇ ਯੋਜਨਾਬੱਧ ਤਿਆਰੀ ਦਾ ਨਤੀਜਾ ਹੈ।

ਇਸ ਪ੍ਰਾਪਤੀ ’ਤੇ ਖਿਡਾਰਨਾਂ ਨੇ ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਵੱਲੋਂ ਉਨ੍ਹਾਂ ਦੀ ਤਿਆਰੀ ਅਤੇ ਹੌਸਲਾ-ਅਫ਼ਜ਼ਾਈ ਲਈ ਕੀਤੇ ਵਿਸ਼ੇਸ਼ ਯਤਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਪਣੀ ਸਫ਼ਲਤਾ ਵਿੱਚ ਕੋਚਾਂ ਦੀ ਅਗਵਾਈ ਅਤੇ ਮਾਪਿਆਂ ਦੇ ਨਿਰੰਤਰ ਸਹਿਯੋਗ ਨੂੰ ਅਹਿਮ ਦੱਸਿਆ।

ਕਾਹਲੋਂ ਨੇ ਪੰਜਾਬ ਸਾਈਕਲਿੰਗ ਟੀਮ ਦੇ ਮੁੱਖ ਕੋਚ ਸਤਵਿੰਦਰ ਸਿੰਘ, ਕੋਚ ਭੁਪਿੰਦਰ ਕੁਮਾਰ, ਕੋਚ ਇਕਵਿੰਦਰ ਸਿੰਘ ਅਤੇ ਮਹਿਲਾ ਕੋਚ ਹਰਪ੍ਰੀਤ ਕੌਰ ਦੀ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕੋਚਾਂ ਵੱਲੋਂ ਦਿੱਤੀ ਸੁਚੱਜੀ ਸਿਖਲਾਈ ਅਤੇ ਖਿਡਾਰਨਾਂ ਵੱਲੋਂ ਕੀਤੇ ਨਿਰੰਤਰ ਅਭਿਆਸ ਸਦਕਾ ਹੀ ਇਹ ਪ੍ਰਾਪਤੀ ਸੰਭਵ ਹੋਈ ਹੈ। ਉਨ੍ਹਾਂ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸਿੰਘ ਧਾਲੀਵਾਲ ਅਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ।

ਐਸੋਸੀਏਸ਼ਨ ਦੇ ਖ਼ਜ਼ਾਨਚੀ ਬੀ.ਐੱਸ. ਸੂਦਨ ਅਤੇ ਮੀਤ ਪ੍ਰਧਾਨ ਐੱਸ.ਪੀ. ਸਿੰਘ ਨੇ ਖਿਡਾਰਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਵੇਂ ਰਾਸ਼ਟਰੀ ਰਿਕਾਰਡ ਨਾਲ ਸੋਨ ਤਗਮਾ ਜਿੱਤਣਾ ਪੰਜਾਬ ਦੇ ਸਮੁੱਚੇ ਸਾਈਕਲਿੰਗ ਪਰਿਵਾਰ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਧੀਆਂ ਦੀ ਮਿਹਨਤ, ਅਨੁਸ਼ਾਸਨ ਅਤੇ ਖੇਡ ਪ੍ਰਤੀ ਸਮਰਪਣ ਹੋਰਨਾਂ ਨੌਜਵਾਨ ਖਿਡਾਰੀਆਂ ਲਈ ਪ੍ਰੇਰਨਾ ਦਾ ਸਰੋਤ ਬਣੇਗਾ।

ਸੇਂਟ ਸੋਲਜਰ ਸਕੂਲ ਵਿਖੇ ਕਿੰਡਰਗਾਰਟਨ ਸਪੋਰਟਸ ਮੀਟ 2026-27 ਸ਼ਾਨੋ-ਸ਼ੌਕਤ ਨਾਲ ਆਯੋਜਿਤ।

ਸਾਂਝੀ ਖ਼ਬਰ



(ਅਸ਼ਵਨੀ ਸ਼ਰਮਾਂ)
ਜੰਡਿਆਲਾ ਗੁਰੂ

ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਵਿਖੇ ਕਿੰਡਰਗਾਰਟਨ ਸਪੋਰਟਸ ਮੀਟ 2026-27 ਬੜੇ ਹੀ ਉਤਸ਼ਾਹ, ਜੋਸ਼ ਅਤੇ ਸ਼ਾਨੋ-ਸ਼ੌਕਤ ਨਾਲ ਕਰਵਾਈ ਗਈ। ਇਸ ਖੇਡ ਸਮਾਰੋਹ ਵਿੱਚ ਪਲੇਪੇਨ ਤੋਂ ਲੈ ਕੇ ਦੂਸਰੀ ਕਲਾਸ ਤੱਕ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸ੍ਰੀ ਧਰਮਵੀਰ ਸਿੰਘ ਜੀ, ਡਾਇਰੈਕਟਰ, ਸੈਕਰਡ ਇੰਟਰਨੈਸ਼-ਨਲ ਸਕੂਲ, ਖਿਲਚੀਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਆਪਣੇ ਪ੍ਰੇਰਨਾਦਾਇਕ ਸੰਬੋਧਨ ਰਾਹੀਂ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਦਿਆਂ ਅਨੁਸ਼ਾਸਨ, ਮਿਹਨਤ, ਟੀਮ ਭਾਵਨਾ ਅਤੇ ਖੇਡ ਭਾਵਨਾ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ।

ਸਮਾਰੋਹ ਦੌਰਾਨ ਨੰਨ੍ਹੇ ਖਿਡਾਰੀਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਆਪਣੀ ਫੁਰਤੀ, ਹਿੰਮਤ, ਆਤਮਵਿਸ਼ਵਾਸ ਅਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬੱਚਿਆਂ ਦੇ ਉਤਸ਼ਾਹ ਅਤੇ ਉਨ੍ਹਾਂ ਦੀਆਂ ਖੇਡ ਗਤੀਵਿਧੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ ਮਾਪਿਆਂ ਦੀ ਭਾਗੀਦਾਰੀ ਨੇ ਸਮਾਰੋਹ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ। ਬੱਚਿਆਂ ਦੇ ਮਾਪਿਆਂ ਦੇ ਰੱਸਾਕਸ਼ੀ ਅਤੇ ਮਿਊਜ਼ੀਕਲ ਚੇਅਰ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਨੇ ਸਮਾਗਮ ਵਿੱਚ ਖੁਸ਼ੀ, ਮਨੋਰੰਜਨ ਅਤੇ ਏਕਤਾ ਦਾ ਰੰਗ ਭਰ ਦਿੱਤਾ।ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ,ਅਤੇ ਡਾਇਰੈਕ-ਟਰ-ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਵੱਲੋਂ ਇਨਾਮ ਅਤੇ ਸਨਮਾਨ ਦੇ ਕੇ ਉਤਸ਼ਾਹਿਤ ਕੀਤਾ ਗਿਆ। ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ

ਖੇਡਾਂ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਖੇਡਾਂ ਰਾਹੀਂ ਬੱਚਿਆਂ ਵਿੱਚ ਆਤਮਵਿਸ਼ਵਾਸ, ਅਨੁਸ਼ਾਸਨ, ਸਹਿਯੋਗ, ਸਹਿਣਸ਼ੀ-ਲਤਾ ਅਤੇ ਜਿੱਤ-ਹਾਰ ਨੂੰ ਸਵੀਕਾਰ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ।

ਸਾਂਝੀ ਖ਼ਬਰ
ਬੁੱਧਵਾਰ , 04 ਨਵੰਬਰ 2026

ਮੌਸਮ ਵਿੱਚ ਤਬਦੀਲੀ ਨੂੰ ਹਲਕੇ ਵਿੱਚ ਨਾ ਲੈਣ ਲੋਕ, ਸਿਹਤ ਪ੍ਰਤੀ ਵਰਤੀ ਲਾਪਰਵਾਹੀ ਪੈ ਸਕਦੀ ਹੈ ਭਾਰੀ : ਡਾ. ਪ੍ਰਿਤਪਾਲ ਸਿੰਘ ਪਨੇਸਰ

ਸਾਂਝੀ ਖ਼ਬਰ

ਖੰਘ, ਜ਼ੁਕਾਮ, ਐਲਰਜੀ ਅਤੇ ਸਾਹ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਸਾਵਧਾਨੀ ਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦੀ ਕੀਤੀ ਅਪੀਲ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 3 ਨਵੰਬਰ
ਮੌਸਮ ਵਿੱਚ ਆ ਰਹੀਆਂ ਤਬਦੀਲੀਆਂ ਅਤੇ ਦਿਨ-ਰਾਤ ਦੇ ਤਾਪਮਾਨ ਵਿੱਚ ਵੱਧ ਰਹੇ ਅੰਤਰ ਕਾਰਨ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਵਿਸ਼ੇਸ਼ ਸਾਵਧਾਨੀ ਵਰਤਣ ਦੀ ਲੋੜ ਹੈ। ਮੌਸਮ ਦਾ ਬਦਲਦਾ ਮਿਜਾਜ਼, ਵਧਦਾ ਵਾਤਾਵਰਣ ਪ੍ਰਦੂਸ਼ਣ ਅਤੇ ਧੂੜ-ਮਿੱਟੀ ਮਨੁੱਖੀ ਸਿਹਤ ਉੱਤੇ ਮਾੜਾ ਪ੍ਰਭਾਵ ਪਾ ਸਕਦੇ ਹਨ। ਅਜਿਹੇ ਹਾਲਾਤ ਵਿੱਚ ਸਰੀਰ ਵਿੱਚ ਦਿਖਾਈ ਦੇਣ ਵਾਲੇ ਮੁੱਢਲੇ ਲੱਛਣਾਂ ਨੂੰ ਨਜ਼ਰਅੰਦਾਜ਼ ਕਰਨਾ ਸਿਹਤ ਲਈ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਇਹ ਪ੍ਰਗਟਾਵਾ ਹੋਮਿਓਪੈਥਿਕ ਡਾਕਟਰ ਅਤੇ ਸਮਾਜ ਸੇਵੀ ਡਾ. ਪ੍ਰਿਤਪਾਲ ਸਿੰਘ ਪਨੇਸਰ ਨੇ ਕੀਤਾ।

ਡਾ. ਪਨੇਸਰ ਨੇ ਕਿਹਾ ਕਿ ਮੌਸਮ ਬਦਲਣ ਦੇ ਸਮੇਂ ਖੰਘ, ਜ਼ੁਕਾਮ, ਬੁਖ਼ਾਰ, ਗਲੇ ਦੀ ਖਰਾਸ਼, ਛਾਤੀ ਵਿੱਚ ਜਕੜਨ ਅਤੇ ਐਲਰਜੀ ਵਰਗੀਆਂ ਸਮੱਸਿਆਵਾਂ ਵਿੱਚ ਵਾਧਾ ਹੋ ਸਕਦਾ ਹੈ। ਖ਼ਾਸ ਕਰਕੇ ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਪਹਿਲਾਂ ਤੋਂ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਵਿਅਕਤੀਆਂ ਨੂੰ ਆਪਣੀ ਸਿਹਤ ਪ੍ਰਤੀ ਵਧੇਰੇ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਿਮਾਰੀ ਦੇ ਲੱਛਣ ਸਾਹਮਣੇ ਆਉਣ 'ਤੇ ਆਪਣੀ ਮਰਜ਼ੀ ਨਾਲ ਦਵਾਈਆਂ ਲੈਣ ਦੀ ਬਜਾਏ ਯੋਗ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਅੱਜ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਲੋਕ ਅਕਸਰ ਆਪਣੀ ਸਿਹਤ ਨੂੰ ਅਣਗੌਲਿਆ ਕਰ ਦਿੰਦੇ ਹਨ ਅਤੇ ਜਦੋਂ ਸਮੱਸਿਆ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ ਤਾਂ ਇਲਾਜ ਲਈ ਭੱਜ-ਦੌੜ ਸ਼ੁਰੂ ਕਰਦੇ ਹਨ। ਸਿਹਤ ਪ੍ਰਤੀ ਅਜਿਹੀ ਲਾਪਰਵਾਹੀ ਤੋਂ ਬਚਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਬਿਮਾਰੀ ਦਾ ਇਲਾਜ ਕਰਵਾਉਣ ਨਾਲੋਂ ਬਿਹਤਰ ਹੈ ਕਿ ਸਮੇਂ ਸਿਰ ਸਾਵਧਾਨੀਆਂ ਵਰਤ ਕੇ ਬਿਮਾਰੀਆਂ ਤੋਂ ਬਚਾਅ ਕੀਤਾ ਜਾਵੇ।

ਡਾ. ਪ੍ਰਿਤਪਾਲ ਸਿੰਘ ਪਨੇਸਰ ਨੇ ਕਿਹਾ ਕਿ ਸਰੀਰ ਦੀ ਤੰਦਰੁਸਤੀ ਲਈ ਸੰਤੁਲਿਤ ਅਤੇ ਪੌਸ਼ਟਿਕ ਖੁਰਾਕ, ਪੂਰੀ ਨੀਂਦ, ਨਿਯਮਤ ਸਰੀਰਕ ਕਸਰਤ ਅਤੇ ਸਾਫ਼-ਸੁਥਰਾ ਵਾਤਾਵਰਣ ਬਹੁਤ ਮਹੱਤਵ-ਪੂਰਨ ਹਨ। ਲੋਕਾਂ ਨੂੰ ਬਾਜ਼ਾਰ ਦੀਆਂ ਗੈਰ-ਸਿਹਤਮੰਦ ਖਾਣ-ਪੀਣ ਵਾਲੀਆਂ ਵਸਤਾਂ ਤੋਂ ਪਰਹੇਜ਼ ਕਰਕੇ ਘਰ ਦਾ ਤਾਜ਼ਾ ਅਤੇ ਪੌਸ਼ਟਿਕ ਭੋਜਨ ਖਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪਾਣੀ ਦੀ ਲੋੜੀਂਦੀ ਮਾਤਰਾ ਪੀਣ ਅਤੇ ਨਿੱਜੀ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣਾ ਵੀ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਵਾਤਾਵਰਣ ਪ੍ਰਦੂਸ਼ਣ ਅਤੇ ਧੂੰਏਂ ਵਾਲੀਆਂ ਥਾਵਾਂ ਤੋਂ ਬਚਣਾ ਚਾਹੀਦਾ ਹੈ ਅਤੇ ਬੇਲੋੜਾ ਧੂੜ-ਮਿੱਟੀ ਵਾਲੇ ਮਾਹੌਲ ਵਿੱਚ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਖੰਘ ਜਾਂ ਛਿੱਕ ਆਉਣ ਸਮੇਂ ਸਫ਼ਾਈ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਤਾਂ ਜੋ ਦੂਜੇ ਲੋਕਾਂ ਨੂੰ ਵੀ ਇਨਫੈਕਸ਼ਨ ਤੋਂ ਬਚਾਇਆ ਜਾ ਸਕੇ। ਜੇਕਰ ਕਿਸੇ ਵਿਅਕਤੀ ਨੂੰ ਲਗਾਤਾਰ ਬੁਖ਼ਾਰ, ਖੰਘ, ਸਾਹ ਲੈਣ ਵਿੱਚ ਤਕਲੀਫ਼ ਜਾਂ ਹੋਰ ਅਸਧਾਰਨ ਲੱਛਣ ਮਹਿਸੂਸ ਹੋਣ ਤਾਂ ਬਿਨਾਂ ਦੇਰੀ ਡਾਕਟਰੀ ਜਾਂਚ ਕਰਵਾਉਣੀ ਚਾਹੀਦੀ ਹੈ।

ਅੰਤ ਵਿੱਚ ਡਾ. ਪਨੇਸਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਿਹਤ ਨੂੰ ਸਭ ਤੋਂ ਵੱਡੀ ਦੌਲਤ ਸਮਝਣ ਅਤੇ ਮੌਸਮ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਮੱਦੇਨਜ਼ਰ ਆਪਣੀ ਰੋਜ਼ਾਨਾ ਜੀਵਨਸ਼ੈਲੀ ਵਿੱਚ ਲੋੜੀਂਦੇ ਸੁਧਾਰ ਕਰਨ। ਉਨ੍ਹਾਂ ਕਿਹਾ ਕਿ ਸਿਹਤ ਪ੍ਰਤੀ ਜਾਗਰੂਕਤਾ, ਸਮੇਂ ਸਿਰ ਡਾਕਟਰੀ ਸਲਾਹ ਅਤੇ ਸਾਵਧਾਨੀਆਂ ਹੀ ਇੱਕ ਤੰਦਰੁਸਤ ਸਮਾਜ ਦੀ ਨੀਂਹ ਹਨ। ਹਰ ਵਿਅਕਤੀ ਨੂੰ ਆਪਣੀ ਸਿਹਤ ਦੇ ਨਾਲ-ਨਾਲ ਆਪਣੇ ਪਰਿਵਾਰ ਅਤੇ ਸਮਾਜ ਦੀ ਸਿਹਤ ਪ੍ਰਤੀ ਵੀ ਜ਼ਿੰਮੇਵਾਰ ਬਣਨਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀ ਗੁਰਦੁਆਰਾ ਨਾਨਕ ਝੀਰਾ ਪੁੱਜੀ

ਸਾਂਝੀ ਖ਼ਬਰ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 3 ਨਵੰਬਰ
ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲ ਰਹੀ ਪ੍ਰਭਾਤ ਫੇਰੀਆਂ ਦੀ ਲੜੀ ਵਿਚ ਅੱਜ ਦੀ ਪ੍ਰਭਾਤ ਫੇਰੀ ਗੁਰਦੁਆਰ ਸਾਹਿਬ ਤੋਂ ਚਲ ਕੇ ਵੱਖ ਵੱਖ ਗਲੀ ਮੁਹੱਲਿਆਂ ਚ ਸ਼ਬਦ ਬਾਣੀ ਦਾ ਗਾਇਨ ਕਰਦੀਆਂ ਸੰਗਤਾਂ ਗੁਰੂਦੁਆਰਾ ਸ੍ਰੀ ਨਾਨਕ ਝੀਰਾ ਸਾਹਿਬ ਪੁੱਜੀਆਂ। ਜਿਥੇ ਪ੍ਰਬੰਧਕਾਂ ਵਲੋਂ ਆਈਆਂ ਸੰਗਤਾਂ ਦਾ ਫੁੱਲਾਂ ਦੀ ਵਰਖਾ ਨਾਲ ਸੁਆਗਤ ਕੀਤਾ। ਪ੍ਰਭਾਤ ਫੇਰੀ ਦੀ ਅਰੰਭਤਾ ਤੋਂ ਪਹਿਲਾਂ ਗੁਰਦੁਆਰਾ ਸ਼ਾਹਿਬ ਦੇ ਮੀਤ ਗ੍ਰੰਥੀ ਗਿਆਨੀ ਸਾਹਿਬ ਸਿੰਘ ਨਲਵੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਉਪਰੰਤ ਮੁੱਖ ਵਾਕ ਲਿਆ ਤੇ ਸਰਬਤ ਦੇ ਭਲੇ ਤੇ ਪ੍ਰਭਾਤ ਫੇਰੀ ਦੀ ਅਰੰਭਤਾ ਲਈ ਅਰਦਾਸ ਕੀਤੀ। ਸ੍ਰੀ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਸੰਗਤਾਂ ਸ਼ਬਦ ਬਾਣੀ ਦਾ ਗਾਇਨ ਕਰਦੀਆਂ ਵੱਖ ਵੱਖ ਗਲੀਆਂ ਮੁਹੱਲਿਆਂ ਚ ਹੁੰਦੀਆਂ ਹੋਈਆਂ ਗੁਰਦੁਆਰਾ ਸ੍ਰੀ ਨਾਨਕ ਝੀਰਾ ਸ਼ਾਹਿਬ ਪੱੁਜੀਆਂ , ਜਿਥੇ ਆਈਆਂ ਸੰਗਤਾਂ ਦਾ ਫੁੱਲਾਂ ਦੀ ਵਰਖਾ ਨਾਲ ਸੁਆਗਤ ਕੀਤਾ ਗਿਆ। ਨੌਜੁਆਨ ਸ਼ਬਦੀ ਜਥੇ ਦੇ ਵੀਰਾਂ ਤੇ ਇਸਤਰੀ ਸਤਿਸੰਗਿ ਸਭਾ ਦੀਆਂ ਬੀਬੀਆਂ ਨੇ ਇਕ ਬਾਬਾ ਅਕਾਲ ਪੁਰਖ ਦੂਜਾ ਰਬਾਬੀ ਮਰਦਾਨਾ ਤੇ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਦੀ ਧੁਨੀ ਜੇਹੇ ਸ਼ਬਦਾਂ ਨਾਲ ਵਾਤਾਵਰਣ ਕੀਰਤਨਮਈ ਬਣ ਗਿਆ। ਪੰਥ ਵਿਦਵਾਨ ਤੇ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗਿਆਨੀ ਸਾਹਿਬ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਤੇ ਉਨਾਂ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕੱਣ ਦਾ ਸੰਦੇਸ਼ ਦਿੱਤਾ । ਸਟੇਜ ਸਕੱਤਰ ਦੀ ਸੇਵਾ ਕਰਦਿਆਂ ਨਰਿੰਦਰ ਸਿੰਘ ਭਿੰਡਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀਆਂ ਤੁਕਾਂ ਦਾ ਹਵਾਲਾ ਦਿੰਦੇ ਹੋਏ ਸੰਗਤਾਂ ਨੂੰ ਗੁਰੂ ਜੀ ਵਲੋਂ ਦਰਸਾਏ ਮਾਰਗ ਤੇ ਚਲੱਣ ਲਈ ਪ੍ਰੇਰਿਆ। ਉਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਭਾਵੇਂ ਸਾਰੀਆਂ ਭਾਸ਼ਾਵਾਂ ਪੜਨ ,ਲਿਖਣ ਤੇ ਬੋਲਣ ਪਰ ਆਪਣੀ ਮਾਂ ਬੋਲੀ ਨੂੰ ਤਰਜੀਹ ਦੇਣ। ਉਨਾਂ ਕਿਹਾ ਕਿ ਆਪਣੇ ਘਰਾਂ ਵਿਚ ਪੰਜਾਬੀ ਪੜੋ, ਪੰਜਾਬੀ ਬੋਲੋ ਤੇ ਪੰਜਾਬੀ ਹੀ ਲਿਖੋ। ਉਨਾਂ ਨੇ ਸਾਰੇ ਪਰਿਵਾਰਾਂ ਨੂੰ ਆਪਣੇ ਘਰਾਂ ਦੇ ਅੱਗੇ ਨਾਂ ਪਲੇਟਾਂ ਪੰਜਾਬੀ ਵਿਚ ਹੀ ਲਾਉਣ ਲਈ ਪ੍ਰੇਰਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਨਾਨਕ ਝੀਰਾ ਦੇ ਪ੍ਰਬੰਧਕਾਂ ਨੂੰ ਸਨਮਾਨਿਤ ਕੀਤਾ ਗਿਆ। ਉਨਾਂ ਦਿੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਤੋਂ 21 ਨਵੰਬਰ ਨੂੰ ਸਜਾਇਆ ਜਾਏਗਾ। ਉਨਾਂ ਕਿਹਾ ਕਿ ਕੱਲ ਦੀ ਪ੍ਰਭਾਤ ਫੇਰੀ ਚੌਧਰੀ ਮਾਇਆ ਰਾਮ ਚੌਧਰੀ ਜਲੇਬੀ ਭੰਡਾਰ ਜੀ ਦੇ ਸੱਦੇ ਤੇ ਗੁਰਦੁਆਰਾ ਸਾਹਿਬ ਵਿਚ ਹੀ ਸਜਾਈ ਜਾਏਗੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਚੈਨ ਸਿੰਘ ਸਰਾਫ, ਮਲਕਿੰਦਰ ਸਿੰਘ, ਕਸ਼ਮੀਰ ਸਿੰਘ ਸਰਾਫ ਜਗਜੀਤ ਸਿੰਘ ਮੱਕੜ ਜਸਵੰਤ ਸਿੰਘ, ਗੁਰਵਿੰਦਰ ਸਿੰਘ, ਇੰਦਰਜੀਤ ਸਿੰਘ ਐਡਵੋਕੇਟ, ਰਵਿੰਦਰਪਾਲ ਸਿੰਘ, ਨਰਿੰਦਰ ਪਾਲ ਸਿੰਘ ਸਲੈਚ, ਓਂਕਾਰ ਸਿੰਘ,ਜਗਮੋਹਨ ਸਿੰਘ, ਰਾਜਿੰਦਰ ਸਿੰਘ ਅਟਾਰੀ, ਸ਼ਰਨਦੀਪ ਕੌਰ, ਪਰਮਜੀਤ ਕੌਰ, ਕੁਲਜੀਤ ਕੌਰ, ਬਲਜੀਤ ਕੌਰ, ਮਨਪ੍ਰੀਤ ਕੌਰ, ਸੁਰਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ।



ਗੁਰਦੁਆਰਾ ਨਾਨਕ ਝੀਰਾ ਦੀਆਂ ਸੰਗਤਾਂ ਵਲੋਂ ਆਈਆਂ ਸੰਗਤਾਂ ਲਈ ਚਾਹ ਤੇ ਸਮੋਸੇ ਦੇ ਲੰਗਰ ਲਗਾਏ ਗਏ ਸਨ।

ਫੂਡ ਸੇਫਟੀ ਵਿਭਾਗ ਦੀਆਂ ਟੀਮਾਂ ਨਮੂਨੇ ਇੱਕਠੇ ਕਰਨ ਲਈ ਪਹੁੰਚੀਆਂ, ਮਿਠਾਈ ਬਨਾਉਣ ਵਾਲਿਆਂ ਵਿਚ ਦਹਿਸ਼ਤ ਦਾ ਮਾਹੌਲ

ਸਾਂਝੀ ਖ਼ਬਰ

ਬਹੁਤ ਸਾਰੇ ਹਲਵਾਈ ਦੁਕਾਨਾਂ ਬੰਦ ਕਰ ਕੇ ਚਲੇ ਗਏ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 3 ਨਵੰਬਰ
ਬਾਬੈਨ ਕਸਬੇ ਦੀਆਂ ਮਿਠਾਈਆਂ ਦੀਆਂ ਦੁਕਾਨਾਂ ਤੇ ਉਸ ਸਮੇਂ ਹਫੜਾ ਦਫੜੀ ਮਚ ਗਈ ਜਦੋਂ ਮੁੱਖ ਮੰਤਰੀ ਦੇ ਫਲਾਈਂਗ ਸਕੁਐਡ ਤੇ ਫੂਡ ਸੇਫਟੀ ਵਿਭਾਗ ਦੀ ਟੀਮ ਨੇ ਅਚਾਨਕ ਛਾਪੇ ਮਾਰੀ ਕੀਤੀ। ਟੀਮ ਦੇ ਬਜਾਰ ਵਿਚ ਅਚਾਨਕ ਪੁੱਜਣ ਦੀ ਖਬਰ ਮਿਲਦਿਆਂ ਹੀ ਮਿਠਾਈ ਵਿਕਰੇਤਾ ਘਬਰਾਹਟ ਵਿਚ ਆ ਗਏ ਤੇ ਇਹ ਖਬਰ ਸਾਰੇ ਬਜਾਰ ਵਿਚ ਫੈਲ ਗਈ ਤੇ ਬਹੁਤ ਸਾਰੇ ਦੁਕਾਨਦਾਰ ਆਪਣੀ ਆਂ ਦੁਕਾਨਾਂ ਬੰਦ ਕਰ ਚਲੇ ਗਏ। ਸੀ ਐਮ ਫਲਾਈਂਗ ਸਕੁਐਡ ਤੇ ਫੂਡ ਸੇਫਟੀ ਵਿਭਾਗ ਦੀ ਟੀਮ , ਜਿਸ ਵਿਚ ਐਸ ਆਈ ਰਾਜਬੀਰ ਸਿੰਘ, ਏ ਐਸ ਆਈ ਰਵਿੰਦਰ ਕੁਮਾਰ ਏ ਐਸ ਆਈ ਵਿਕਰਮ ਸਿੰਘ ਤੇ ਫੂਡ ਸੇਫਟੀ ਅਧਿਕਾਰੀ ਡਾ ਅਮਿਤ ਕੁਮਾਰ ਸ਼ਾਮਲ ਸਨ ਨੇ ਬਾਬੈਨ ਤੇ ਪਿਪਲੀ ਵਿਚ ਛਾਪੇਮਾਰੀ ਕੀਤੀ। । ਇਸ ਦੌਰਾਨ ਅਰੋੜਾ ਬੇਕਰ ਤੋਂ 50 ਕਿਲੋ ਚਿੱਟੇ ਰਸਗੁੱਲੇ,30 ਕਿਲੋ ਗੁਲਾਬ ਜਾਮਨ, 20 ਕਿਲੋ ਪਤੀਸਾ ਤੇ ਪਿਪਲੀ ਚ ਅਨੰਦ ਕੁਮਾਰ ਦੀ ਰਸਗੁੱਲੇ ਫੈਕਟਰੀ ਤੋਂ 200 ਕਿਲੋ ਰਸ ਗੁੱਲੇ, 150 ਕਿਲੋ ਗੁਲਾਬ ਜਾਮਨ ਦੇ ਨਮੂਨੇ ਇਥਠੇ ਕੀਤੇ। ਮੁੱਖ ਮੰਤਰੀ ਫਲਾਈਂਗ ਸਕੁਐਡ ਤੇ ਫੂਡ ਸੇਫਟੀ ਵਿਭਾਗ ਦੀ ਟੀਮ ਵਲੋਂ ਕੀਤੀ ਗਈ ਕਾਰਵਾਈ ਨੇ ਬਾਬੈਨ ਵਿਚ ਮਿਠਾਈਆਂ ਦੇ ਵਪਾਰੀਆਂ ਵਿਚ ਦਹਿਸ਼ਤ ਫੈਲਾ ਦਿੱਤੀ। ਰਿਪੋਰਟਾਂ ਅਨੁਸਾਰ ਸੀ ਐਮ ਫਲਾਈਂਗ ਟੀਮ ਨੇ ਅੱਜ ਅਚਾਨਕ ਬਾਬੈਨ ਵਿਚ ਮਿਠਾਈਂਆਂ ਦੀਆਂ ਦੁਕਾਨਾਂ ਦਾ ਅਚਾਨਕ ਨਿਰੀਖਣ ਕੀਤਾ ਤੇ ਨਮੂਨੇ ਇੱਕਠੇ ਕੀਤੇ। ਜਿਕਰਯੋਗ ਹੈ ਕਿ ਦੀਵਾਲੀ ਤੇ ਵਿਆਹਾਂ ਦੇ ਇਨਾਂ ਦਿਨਾਂ ਵਿਚ ਮਿਠਾਈਆਂ ਦੀ ਮੰਗ ਵੱਧ ਜਾਂਦੀ ਹੈ । ਉਨਾਂ ਕਿਹਾ ਕਿ ਇਨਾਂ ਸਮਿਆਂ ਦੌਰਾਨ ਮਿਠਾਈਆਂ ਦੀ ਗੁਣਵੱਤਾ,ਸਫਾਈ ਤੇ ਭੋਜਨ ਸੁਰਿੱਖਿਆ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਮਿਠਾਈਆਂ ਸਿੱਧੇ ਤੌਰ ਤੇ ਲੋਕਾਂ ਦੀ ਸਿਹਤ ਨਾਲ ਜੁੜੀਆਂ ਹੋਈਆਂ ਹਨ , ਗਾਹਕਾਂ ਨੂੰ ਸਾਫ ਤੇ ਗੁਣਵੱਤਾ ਵਾਲਾ ਭੋਜਨ ਪ੍ਰਦਾਨ ਕਰਨ ਲਈ ਮਿਠਾਈਆਂ ਤੇ ਅਜੇਹੀਆਂ ਖਾਣ ਪੀਣ ਦੀਆਂ ਚੀਜਾਂ ਵੇਚਣ ਵਾਲੇ ਤੇ ਬਨਾਉਣ ਵਾਲਿਆਂ ਦੀ ਜਿੰਮੇਵਾਰੀ ਵੀ ਵੱਧ ਜਾਂਦੀ ਹੈ। ਜਿਵੇਂ ਹੀ ਟੀਮ ਦੀ ਖਬਰ ਮਾਰਕੀਟ ਵਿਚ ਫੈਲੀ ਬਹੁਤ ਸਾਰੇ ਦੁਕਾਨਦਾਰ ਦੁਕਾਨਾਂ ਬੰਦ ਕਰ ਚਲੇ ਗਏ। ਲੋਕਾਂ ਦਾ ਕਹਿਣਾ ਹੈ ਕਿ ਦੁਕਾਨਾਂ ਬੰਦ ਕਰ ਚਲੇ ਜਾਣ ਤੋਂ ਪਤਾ ਲੱਗਦਾ ਹੈ ਕਿ ਉਹ ਆਪਣੀਆਂ ਦੁਕਾਨਾਂ ਤੇ ਸਹੀ ਮਠਿਆਈਆਂ ਨਹੀਂ ਵੇਚ ਰਹੇ। ਖੇਤਰ ਦੀਆਂ ਦੁਕਾਨਾਂ ਤੇ ਸੁਆਲ ਉਠਦੇ ਰਹੇ ਹਨ ਕਿ ਬਹੁਤ ਸਾਰੇ ਦੁਕਾਨਦਾਰ ਨਕਲੀ ਮਠਿਆਈਆਂ ਬਾਹਰੋਂ ਲਿਆ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ ਤੇ ਮੋਟਾ ਮੁਨਾਫਾ ਕਮਾਉਂਦੇ ਹਨ।

ਲੋਕਾਂ ਦੀ ਕਹਿਣਾ ਹੈ ਕਿ ਮਿਠਾਈ ਵੇਚਣ ਵਾਲਿਆਂ ਨੂੰ ਨਿਰਧਾਰਤ ਮਾਪ ਦੰਡਾਂ ਅਨੁਸਾਰ ਖਾਣ ਪੀਣ ਦੀਆਂ ਚੀਜਾਂ ਤਿਆਰ ਕਰਾਉਣੀਆਂ ਚਾਹੀਦੀਆਂ ਹਨ ਤਾਂ ਜੋ ਕਿਸੇ ਦੀ ਸਿਹਤ ਨਾਲ ਖਿਲਵਾੜ ਨੇ ਹੋਵੇ। ਅਧਿਕਾਰੀਆਂ ਅਨੁਸਾਰ ਹਰ ਰੋਜ 50 ਤੋਂ ਵੱਧ ਦੁਕਾਨਾਂ ਤੋਂ ਨਮੂਨੇ ਲਏ ਜਾ ਰਹੇ ਹਨ। ਤਾਂ ਜੋ ਮਿਲਾਵਟੀ ਸਾਮਾਨ ਦੀ ਵਿਕਰੀ ਨੂੰ ਰੋਕਿਆ ਜਾ ਸਕੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਦੀਵਾਲੀ ਦੌਰਾਨ ਮਿਲਾਵਟੀ ਮਠਿਆਈਆਂ ਦੀ ਵਿਕਰੀ ਨੂੰ ਰੋਕਣ ਲਈ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ।

ਹਰਿਆਣਾ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਕਰਮਚਾਰੀਆਂ ਨੂੰ ਦਿੱਤੀ ਜਾਏਗੀ ਮਹਿੰਗਾਈ ਭੱਤੇ ਦੀ ਕਿਸ਼ਤ= ਜਥੇਦਾਰ ਝੀਂਡਾ

ਸਾਂਝੀ ਖ਼ਬਰ

ਦੀਵਾਲੀ ਬੋਨਸ ਵੀ ਤਿੰਨ ਤਿੰਨ ਹਜਾਰ ਰੁਪਏ ਦਿੱਤਾ ਜਾਏਗਾ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 3 ਨਵੰਬਰ
ਲੰਮੇ ਸਮੇਂ ਤੋਂ ਮਹਿੰਗਾਈ ਕਿਸ਼ਤ ਦੀ ਰਾਹ ਦੇਖ ਰਹੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਕਰਮਚਾਰੀਆਂ ਨੂੰ ਦੀਵਾਲੀ ਤੇ ਸੰਸਥਾ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਮਹਿੰਗਾਈ ਭੱਤਾ ਦੇਣ ਦਾ ਤੋਹਫਾ ਦਿੱਤਾ ਹੈ। ਕਰਮਚਾਰੀਆਂ ਨੂੰ ਪੇਡਿੰਗ ਮਹਿੰਗਾਈ ਭੱਤੇ ਦੀ ਕਿਸ਼ਤ ਦੇਣ ਦੀ ਘੋਸ਼ਣਾ ਜਥੇਦਾਰ ਝੀਂਡਾ ਨੇ ਮੀਡੀਆ ਦੇ ਸਾਹਮਣੇ ਆਪਣੇ ਦਫਤਰ ਵਿਚ ਪ੍ਰੈਸ ਵਾਰਤਾ ਦੌਰਾਨ ਕੀਤੀ। ਇਸ ਦੇ ਨਾਲ ਈ ਉਨਾਂ ਨੇ ਕਮੇਟੀ ਦੇ ਕਰਮਚਾਰੀਆਂ ਨੂੰ ਦੀਵਾਲੀ ਬੋਨਸ 3,3 ਹਜਾਰ ਰੁਪਏ ਦੇਣ ਦਾ ਐਲਾਨ ਵੀ ਕੀਤਾ। ਜਥੇਦਾਰ ਝੀਂਡਾ ਨੇ ਸਾਰੇ ਕਰਮਚਾ-ਰੀਆਂ ਨੂੰ ਹਰਿਆਣਾ ਦਿਵਸ ਤੇ ਦੀਵਾਲੀ ਦੀਆਂ ਸ਼ੁਭ ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਕਾਫੀ ਲੰਮੇ ਸਮੇਂ ਤੋਂ ਹਰਿਆਣਾ ਕਮੇਟੀ ਦੇ ਕਰਮਚਾਰੀ ਮਹਿੰਗਾਈ ਭੱਤੇ ਦੀ ਕਿਸ਼ਤ ਦੀ ਰਾਹ ਦੇਖ ਰਹੇ ਸਨ। ਇਸ ਗੱਲ ਨੂੰ ਧਿਆਨ ਹਿੱਤ ਰਖੱਦੇ ਹੋਏ ਉਨਾਂ ਨੇ ਕਰਮਚਾਰੀਆਂ ਨੂੰ ਇਸ ਦੀਵਾਲੀ ਤੇ ਮੰਹਿਗਾਈ ਭੱਤੇ ਦੀ ਕਿਸ਼ਤ ਦੇਣ ਦਾ ਐਲਾਨ ਕੀਤਾ ਹੈ। ਉਨਾਂ ਕਿਹਾ ਕਿ ਜਿਨਾਂ ਕਰਮ-ਚਾਰੀਆਂ ਦੀ ਮਾਸਿਕ ਤਨਖਾਹ 10ਤੋਂ 12 ਹਜਾਰ ਤਕ ਹੈ ਉਨਾਂ ਨੂੰ 10 ਪ੍ਰਤੀਸ਼ਤ ਜਿਨਾਂ ਦੀ ਤਨਖਾਹ 13,14 ਹਜਾਰ ਤਕ ਹੇ ਉਨਾਂ ਕਰਮਚਾਰੀਆਂ ਨੂੰ 9 ਪ੍ਰਤੀਸ਼ਤ , 15ਤੋਂ 16 ਹਜਾਰ ਤਕ ਦੇ ਕਰਮ-ਚਾਰੀਆਂ ਨੂੰ 8 ਪ੍ਰਤੀਸ਼ਤ ਤੇ 20 ਹਜਾਰ ਤਕ ਦੀ ਤਨਖਾਹ ਵਾਲੇ ਕਰਮਚਾਰੀਆਂ ਨੂੰ 6 ਪ੍ਰਤੀਸ਼ਤ 20ਤੋਂ 25 ਹਜਾਰ ਤਕ ਦੇ ਕਰਮ-ਚਾਰੀਆਂ ਨੂੰ 5 ਪ੍ਰਤੀਸ਼ਤ, 25ਤੋਂ 35 ਹਜਾਰ ਤਕ ਦੇ ਕਰਮਚਾਰੀਆਂ ਨੂੰ 4 ਪ੍ਰਤੀਸ਼ਤ, 35 ਤੋਂ 49 ਹਜਾਰ ਤਕ ਦੇ ਕਰਮਚਾਰੀਆਂ ਨੂੰ 3 ਪ੍ਰਤੀਸ਼ਤ 50 ਹਜਾਰ ਤੋਂ 99 ਹਜਾਰ ਤਕ ਦੇ ਕਰਮਚਾਰੀਆਂ ਨੂੰ 2 ਪ੍ਰਤੀਸ਼ਤ ਤੇ 1 ਲੱਖ ਤੋਂ ਜਿਆਦਾ ਸੈਲਰੀ ਵਾਲੇ ਅਧਿਕਾਰੀਆਂ ਨੂੰ 1 ਪ੍ਰਤੀਸ਼ਤ ਮੰਹਿਗਾਈ ਭੱਤਾ ਦੀ ਕਿਸ਼ਤ ਦਿੱਤੀ ਜਾਏਗੀ। ਉਨਾਂ ਕਿਹਾ ਕਿ ਕਰਮਚਾਰੀਆਂ ਨੂੰ ਦੀਵਾਲੀ ਤੇ 3,3 ਹਜਾਰ ਰੁਪਏ ਦਾ ਵਿਸ਼ੇਸ਼ ਬੋਨਸ ਵੀ ਦਿੱਤਾ ਜਾਏਗਾ। ਜੋ ਕਿ ਪਿਛਲੀ ਵਾਰ 1500 ਰੁਪਏ ਦਿੱਤਾ ਗਿਆ ਸੀ। ਉਨਾਂ ਕਿਹਾ ਕਿ ਵੱਧ ਰਹੀ ਮੰਹਿਗਾਈ ਕਰਕੇ ਇਸਨੂੰ ਦੋਗੁਣਾ ਕੀਤਾ ਗਿਆ ਹੈ। ਝੀਂਡਾ ਨੇ ਦਿੱਸਿਆ ਕਿ ਕਮੇਟੀ ਦੇ ਚੀਫ ਸੈਕਟਰੀ ,ਸਕੱਤਰ ਤੇ ਓ ਐਸ ਡੀ ਦੀ ਸੈਲਰੀ ਵਿਚ ਵੀ 5,5 ਹਜਾਰ ਰੁਪਏ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡੇਲੀ ਵੇਜਜ ਦੇ ਕਰਮਚਾਰੀਆਂ ਦੀ ਦਿਹਾੜੀ 350 ਰੁਪਏ ਕਰ ਦਿੱਤੀ ਗਈ ਹੈ। । ਜਥੇਦਾਰ ਨੇ ਕਿਹਾ ਕਿ ਕੁਝ ਕਮੇਟੀ ਮੈਂਬਰ ਗੁਰਦੁਆਰਾ ਪ੍ਰਬੰਧਨ ਵਿਚ ਅੜਿਕੇ ਡਾਹ ਰਹੇ ਹਨ ਤੇ ਉਹ ਬਜਟ ਪਾਸ ਨਹੀਂ ਹੋਣ ਦੇ ਰਹੇ।

ਉਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਜਨਰਲ ਹਾਉਸ ਦੀ ਮੀਟਿੰਗ ਬੁਲਾਈ ਜਾਏਗੀ ਤੇ ਇਸ ਬੈਠਕ ਵਿਚ ਸ਼ਾਮਲ ਨਾ ਹੋਣ ਵਾਲੇ ਮੈਂਬਰਾਂ ਦੇਘਰਾਂ ਅੱਗੇ ਸੰਗਤਾਂ ਨੂੰ ਧਰਨੇ ਦੇਣ ਦੀ ਅਪੀਲ ਕੀਤੀ ਜਾਏਗੀ। ਇਸ ਦੇ ਨਾਲ ਹੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਵੀ ਕਮੇਟੀ ਮੈਂਬਰਾਂ ਨਾਲ ਗੱਲਬਾਤ ਕਰ ਬਜਟ ਪਾਸ ਕਰਾਉਣ ਦੀ ਅਪੀਲ ਕੀਤੀ ਜਾਏਗੀ ਤੇ ਇਸ ਸੰਬੰਧ ਵਿਚ ਉਨਾਂ ਨੂੰ ਇਕ ਮੰਗ ਪੱਤਰ ਵੀ ਦਿੱਤਾ ਜਾਏਗਾ। ਇਸ ਮੌਕੇ ਹਰਿਆਣਾ ਕਮੇਟੀ ਦੇ ਵਧੀਕ ਸਕੱਤਰ ਰਾਜਪਾਲ ਸਿੰਘ ਦੁਨੀਆਂ ਮਾਜਰਾ, ਵਧੀਕ ਸੱਕਤਰ ਸਤਪਾਲ ਸਿੰਘ ਡਾਚਰ ਤੇ ਪੀ ਏ ਸ਼ਮਸ਼ੇਰ ਸਿੰਘ ਮੌਜੂਦ ਸਨ।

ਥੈਲੇਸੀਮੀਆ ਦੇ ਮਰੀਜ਼ਾਂ ਦੀ ਮਦਦ ਲਈ ਸਿਵਲ ਹਸਪਤਾਲ ਤੇ ਸੀਐਮਸੀ ਵਿਖੇ ਖ਼ੂਨਦਾਨ, ਕਈ ਸੇਵਾਦਾਰਾਂ ਨੇ ਪੇਸ਼ ਕੀਤੀ ਮਿਸਾਲ





ਸਾਂਝੀ ਖ਼ਬਰ

ਜਸਵੀਰ ਸਿੰਘ ਮਣਕੂ
ਲੁਧਿਆਣਾ, 3 ਨਵੰਬਰ:
ਸ਼ਹਿਨਸ਼ਾਹ ਸਤਿਗੁਰੂ ਮਸਤਾਨਾ ਜੀ ਦੇ ਪਾਵਨ ਜਨਮ ਮਹੀਨੇ ਦੀ ਖੁਸ਼ੀ ਵਿੱਚ ਡੇਰਾ ਸੱਚਾ ਸੌਦਾ ਦੇ ਸੇਵਾਦਾਰਾਂ ਵੱਲੋਂ ਮਨੁੱਖਤਾ ਦੀ ਸੇਵਾ ਦੇ ਮਕਸਦ ਨਾਲ ਖ਼ੂਨਦਾਨ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਲੜੀ ਤਹਿਤ ਲੁਧਿਆਣਾ ਦੇ ਸਿਵਲ ਹਸਪਤਾਲ ਵਿਖੇ ਥੈਲੇਸੀਮੀਆ ਤੋਂ ਪੀੜਤ ਮਰੀਜ਼ਾਂ ਦੀ ਸਹਾਇਤਾ ਲਈ ਸੇਵਾਦਾਰਾਂ ਨੇ ਖ਼ੂਨਦਾਨ ਕੀਤਾ।

ਇਸ ਮੌਕੇ ਕੁਲਦੀਪ ਇੰਸਾਂ ਨੇ 21ਵੀਂ ਵਾਰ, ਅਨਿਲ ਇੰਸਾਂ ਨੇ 18ਵੀਂ ਵਾਰ, ਕੁਲਦੀਪ ਇੰਸਾਂ ਨੇ 13ਵੀਂ ਵਾਰ ਅਤੇ ਅੰਕੁਸ਼ ਇੰਸਾਂ ਨੇ ਪਹਿਲੀ ਵਾਰ ਖ਼ੂਨਦਾਨ ਕਰਕੇ ਇਨਸਾਨੀਅਤ ਦੀ ਸੇਵਾ ਵਿੱਚ ਯੋਗਦਾਨ ਪਾਇਆ।

ਇਸ ਤੋਂ ਇਲਾਵਾ 3 ਨਵੰਬਰ ਨੂੰ ਬਲਾਕ ਸਾਹਨੇਵਾਲ ਨਾਲ ਸਬੰਧਤ ਸੇਵਾਦਾਰ ਹਰਜਿੰਦਰ ਸਿੰਘ ਬਿਲਗਾ ਵੱਲੋਂ ਸੀਐਮਸੀ ਹਸਪਤਾਲ ਲੁਧਿਆਣਾ ਵਿਖੇ ਵੀ ਖ਼ੂਨਦਾਨ ਕੀਤਾ ਗਿਆ।

ਸੇਵਾਦਾਰਾਂ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਸੇਵਾ ਹੈ, ਜਿਸ ਨਾਲ ਲੋੜਵੰਦ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਮਿਲਣ ਦੀ ਉਮੀਦ ਬਣਦੀ ਹੈ। ਉਨ੍ਹਾਂ ਲੋਕਾਂ ਨੂੰ ਵੀ ਸਮੇਂ-ਸਮੇਂ 'ਤੇ ਖ਼ੂਨਦਾਨ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ।

ਇਕਬਾਲ ਸਿੰਘ ਗੁਲਾਬ ਫ਼ੇਰੂਰਾਈ ਬਣੇ ਪ੍ਰੈੱਸ ਕਲੱਬ ਰਾਏਕੋਟ ਦੇ ਨਵੇਂ ਪ੍ਰਧਾਨ

ਸਾਂਝੀ ਖ਼ਬਰ

ਸੰਜੀਵ ਕੁਮਾਰ ਭੱਲਾ ਨੂੰ ਕਲੱਬ ਦਾ ਚੇਅਰਮੈਨ ਚੁਣਿਆ; ਨਵੀਂ ਕਾਰਜਕਾਰਨੀ ਦਾ ਸਰਬ-ਸੰਮਤੀ ਨਾਲ ਗਠਨ



(ਗੁਰਭਿੰਦਰ ਸਿੰਘ ਗੁਰੀ)
ਰਾਏਕੋਟ, 3 ਨਵੰਬਰ
ਪ੍ਰੈੱਸ ਕਲੱਬ ਰਾਏਕੋਟ ਦੀ ਇੱਕ ਅਹਿਮ ਮੀਟਿੰਗ ਸਥਾਨਕ ਪ੍ਰਾਚੀਨ ਮੰਦਰ ਸ਼ਿਵਾਲਾ ਖਾਮ ਵਿਖੇ ਮੌਜੂਦਾ ਪ੍ਰਧਾਨ ਸੰਜੀਵ ਕੁਮਾਰ ਭੱਲਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਕਲੱਬ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਕਲੱਬ ਦੀ ਕਾਰਗੁਜ਼ਾਰੀ ਬਾਰੇ ਵਿਚਾਰ-ਵਟਾਂਦਰਾ ਕਰਨ ਉਪਰੰਤ ਨਵੀਂ ਕਾਰਜਕਾਰਨੀ ਦੀ ਚੋਣ ਕੀਤੀ ਗਈ, ਜਿਸ ਵਿੱਚ ਸੀਨੀਅਰ ਪੱਤਰਕਾਰ ਇਕਬਾਲ ਸਿੰਘ ਗੁਲਾਬ ਫ਼ੇਰੂਰਾਈ ਨੂੰ ਸਰਬਸੰਮਤੀ ਨਾਲ ਪ੍ਰੈੱਸ ਕਲੱਬ ਰਾਏਕੋਟ ਦਾ ਨਵਾਂ ਪ੍ਰਧਾਨ ਚੁਣਿਆ ਗਿਆ।

ਨਵੀਂ ਕਾਰਜਕਾਰਨੀ ਦੇ ਗਠਨ ਦੌਰਾਨ ਨਾਮਪ੍ਰੀਤ ਸਿੰਘ ਗੋਗੀ ਨੂੰ ਜਨਰਲ ਸਕੱਤਰ, ਸੁਸ਼ੀਲ ਵਰਮਾ ਨੂੰ ਸਕੱਤਰ ਅਤੇ ਅਮਿਤ ਪਾਸੀ ਨੂੰ ਖ਼ਜ਼ਾਨਚੀ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਸੁਸ਼ੀਲ ਕੁਮਾਰ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਸ਼ਮਸ਼ੇਰ ਸਿੰਘ ਨੂੰ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ।ਅਨੁਸ਼ਾਸਨੀ ਕਮੇਟੀ ਵਿੱਚ ਆਰ.ਜੀ. ਰਾਏਕੋਟੀ, ਜਸਵੰਤ ਸਿੰਘ ਸਿੱਧੂ, ਰਘਵੀਰ ਸਿੰਘ ਜੱਗਾ, ਗੁਰਭਿੰਦਰ ਸਿੰਘ ਗੁਰੀ ਅਤੇ ਤੇਜਿੰਦਰ ਸਿੰਘ ਨੱਤ ਨੂੰ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ ਸਲਾਹਕਾਰ ਕਮੇਟੀ ਵਿੱਚ ਮੁਹੰਮਦ ਇਮਰਾਨ ਖਾਨ, ਡਾ. ਪਰਵੀਨ ਅਗਰਵਾਲ ਅਤੇ ਠਾਕੁਰਜੀਤ ਸਿੰਘ ਤਾਜਪੁਰੀ ਨੂੰ ਜਗ੍ਹਾ ਦਿੱਤੀ ਗਈ, ਜਦਕਿ ਸੰਜੀਵ ਕੁਮਾਰ ਭੱਲਾ ਨੂੰ ਕਲੱਬ ਦਾ ਚੇਅਰਮੈਨ ਚੁਣਿਆ ਗਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਨਵ-ਨਿਯੁਕਤ ਪ੍ਰਧਾਨ ਇਕਬਾਲ ਸਿੰਘ ਗੁਲਾਬ ਫ਼ੇਰੂਰਾਈ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੱਤਰਕਾਰ ਭਾਈਚਾਰੇ ਦੇ ਹੱਕਾਂ ਦੀ ਰਾਖੀ ਅਤੇ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਉਨ੍ਹਾਂ ਕਿਹਾ ਕਿ ਕਲੱਬ ਦੀ ਏਕਤਾ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਨਾ ਅਤੇ ਸਮਾਜ ਦੇ ਅਹਿਮ ਮੁੱਦਿਆਂ ਨੂੰ ਨਿਰਪੱਖਤਾ ਨਾਲ ਲੋਕਾਂ ਸਾਹਮਣੇ ਲਿਆਉਣਾ ਉਨ੍ਹਾਂ ਦੀਆਂ ਮੁੱਖ ਤਰਜੀਹਾਂ ਹੋਣਗੀਆਂ।

ਇਸ ਮੌਕੇ ਸੰਜੀਵ ਕੁਮਾਰ ਭੱਲਾ ਨੇ ਨਵੀਂ ਚੁਣੀ ਗਈ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਆਸ ਪ੍ਰਗਟਾਈ ਕਿ ਨਵੀਂ ਟੀਮ ਪੱਤਰਕਾਰ ਭਾਈਚਾਰੇ ਦੀ ਭਲਾਈ ਅਤੇ ਕਲੱਬ ਦੀ ਬਿਹਤਰੀ ਲਈ ਮਿਲਜੁਲ ਕੇ ਕੰਮ ਕਰੇਗੀ।

ਚੋਣ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ ਹਾਜ਼ਰ ਪੱਤਰਕਾਰਾਂ ਵੱਲੋਂ ਨਵ-ਨਿਯੁਕਤ ਅਹੁਦੇਦਾਰਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ।

ਭਾਜਪਾ ਦੀ 'ਸਿਆਸੀ ਵਾਸ਼ਿੰਗ ਮਸ਼ੀਨ' ਬਣੀ ਦਲ ਬਦਲੂ ਨੇਤਾਵਾਂ ਦੀ ਪਹਿਲੀ ਪਸੰਦ

ਸਾਂਝੀ ਖ਼ਬਰ

ਅਸ਼ੋਕ ਵਰਮਾ
ਬਠਿੰਡਾ , 03 ਨਵੰਬਰ



ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ , ਵਿਰੋਧੀ ਧਿਰ ਕਾਂਗਰਸ ਅਤੇ ਸ਼ੋਮਣੀ ਅਕਾਲੀ ਦਲ ਦੇ ਆਗੂਆਂ ਦੇ ਭਾਰਤੀ ਜਨਤਾ ਪਾਰਟੀ ਵੱਲ ਵਧ ਰਹੇ ਰੁਝਾਨ ਤੋਂ ਸੂਬੇ ਦੀ ਸਿਆਸਤ ਵਿੱਚ ਨਵੀਂ ਚਰਚਾ ਛਿੜੀ ਹੋਈ ਹੈ। ਹਾਲਾਂਕਿ 7 ਰਾਜ ਸਭਾ ਮੈਂਬਰਾਂ ਤੋਂ ਸਿਵਾਏ ਅਜਿਹੇ 'ਆਪ' ਆਗੂਆਂ ਦੀ ਕਤਾਰ ਕੋਈ ਜਿਆਦਾ ਲੰਬੀ ਨਹੀਂ ਹੈ ਪਰ ਜਿਸ ਤਰਾਂ ਕਾਂਗਰਸ ਦੇ ਨੇਤਾ ਅੱਗੜ ਪਿੱਛੜ ਵਹੀਰਾਂ ਘੱਤਕੇ ਭਾਜਪਾ 'ਚ ਸ਼ਾਮਲ ਹੋਏ ਹਨ ਉਸ ਨਾਲ ਲੋਕ ਸਭਾ ਚੋਣਾਂ ਤੋਂ ਬਾਅਦ ਧੜਿਆਂ 'ਚ ਵੰਡੀ ਕਾਂਗਰਸੀ ਲੀਡਰਸ਼ਿਪ ਦੀ ਕਾਰਗੁਜ਼ਾਰੀ ਅਤੇ ਸਿਆਸੀ ਕਾਰਜਕੁਸ਼ਲਤਾ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ। ਇਨ੍ਹਾਂ ਗਤੀਵਿਧੀਆਂ ਤੋਂ ਇਹ ਤੱਥ ਵੀ ਸਾਹਮਣੇ ਆਉਂਦੇ ਹਨ ਕਿ ਬਹੁਤੇ ਸਿਆਸੀ ਆਗੂਆਂ ਵੱਲੋਂ ਨਿਰਾਸ਼ਾ ਦੇ ਆਲਮ ਵਿੱਚ ਭਾਜਪਾ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਜਦੋਂਕਿ ਸੂਬੇ 'ਚ ਡਿੱਕਡੋਲੇ ਖਾਂਦੀ ਬੀਜੇਪੀ ਨੂੰ ਤਾਜ਼ਾ ਰਾਜਨੀਤਕ ਹਾਲਾਤ ਰਾਸ ਆ ਰਹੇ ਹਨ।

ਹਾਲਾਂਕਿ ਪਰਗਟ ਸਿੰਘ ਦੇ ਪ੍ਰਧਾਨ ਬਣਨ ਤੋਂ ਬਾਅਦ ਪੰਜਾਬ ਕਾਂਗਰਸ 'ਚ ਇਸ ਰੁਝਾਨ ਨੂੰ ਠੱਲ੍ਹ ਪਈ ਹੈ ਪਰ ਪਿਛੋਕੜ 'ਚ ਕਾਂਗਰਸ ਛੱਡਣ ਵਾਲੇ ਆਗੂਆਂ ਦਾ ਰੁਤਬਾ ਵੱਡਾ ਹੈ। ਜਿਕਰਯੋਗ ਤੱਥ ਇਹ ਵੀ ਹੈ ਕਿ ਕਾਂਗਰਸ ਨੂੰ ਛੱਡਕੇ ਜਾਣ ਵਾਲਿਆਂ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ , ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਸਾਬਕਾ ਕਾਂਗਰਸੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਾਬਕਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਤੇ ਪ੍ਰਨੀਤ ਕੌਰ , ਸਾਬਕਾ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ , ਸਾਬਕਾ ਵਿਧਾਇਕ ਕੇਵਲ ਢਿੱਲੋਂ ਅਤੇ ਫਤਿਹ ਜੰਗ ਸਿੰਘ ਬਾਜਵਾ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕਈ ਆਗੂ 2022 ਵਿੱਚ ਅਤੇ ਕੁੱਝ 2023 ਤੋਂ 2026 ਦਰਮਿਆਨ ਭਾਜਪਾ ਵਿੱਚ ਸ਼ਾਮਲ ਹੋਏ ਸਨ। ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਬਲਬੀਰ ਸਿੰਘ ਸਿੱਧੂ , ਸੁੰਦਰ ਸ਼ਾਮ ਅਰੋੜਾ ਅਤੇ ਰਾਜ ਕੁਮਾਰ ਵੇਰਕਾ ਵੀ ਭਾਜਪਾ 'ਚ ਸ਼ਾਮਲ ਹੋਏ ਸਨ ਪਰ ਘਰ ਵਾਪਿਸੀ ਕਰ ਲਈ ਸੀ।

ਇਸੇ ਤਰਾਂ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਦਰਜਨ ਤੋਂ ਵੱਧ ਵੱਡੇ ਆਗੂਆਂ ਨੇ ਭਾਜਪਾ 'ਚ ਸ਼ਮੂਲੀਅਤ ਕੀਤੀ ਸੀ। ਬਠਿੰਡਾ ਸ਼ਹਿਰੀ ਹਲਕੇ ਤੋਂ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸਿਆਸੀ ਸਲਾਹਕਾਰ ਚਰਨਜੀਤ ਸਿੰਘ ਬਰਾੜ, ਸਾਬਕਾ ਜਰਨਲ ਸਕੱਤਰ ਰਵੀਕਰਨ ਸਿੰਘ ਕਾਹਲੋਂ , ਇਸਤਰੀ ਅਕਾਲੀ ਦਲ ਦੀ ਸਾਬਕਾ ਕੌਮੀ ਜਰਨਲ ਸਕੱਤਰ ਅਮਨਜੋਤ ਕੌਰ ਰਾਮੂਵਾਲੀਆ ਅਤੇ ਸਾਬਕਾ ਵਿਧਾਇਕ ਮਹਿੰਦਰ ਕੌਰ ਜੋਸ਼ ਸਮੇਤ ਹੋਰ ਵੀ ਕਈ ਸੀਨੀਅਰ ਆਗੂ ਭਾਜਪਾ 'ਚ ਸ਼ਾਮਲ ਹੋਏ ਸਨ। ਇਸੇ ਲੜੀ 'ਚ ਆਮ ਆਦਮੀ ਪਾਰਟੀ ਦੇ ਜਲੰਧਰ ਹਲਕੇ ਤੋਂ ਸਾਬਕਾ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ , ਜਲੰਧਰ ਪੱਛਮੀ ਤੋਂ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ , ਮੁੱਖ ਮੰਤਰੀ ਭਗਵੰਤ ਮਾਨ ਦੇ ਸਾਬਕਾ ਓਐਸਡੀ ਓਂਕਾਰ ਸਿੰਘ ਅਤੇ ਸਾਬਕਾ ਵਿਧਾਇਕ ਤੇ ਸੁਪਰੀਮ ਕੋਰਟ ਦੇ ਸੀਨਅਰ ਵਕੀਲ ਐਚ. ਐਸ ਫੂਲਕਾ ਹਨ ਜਦੋਂਕਿ ਤਾਜਾ ਮਾਮਲਾ ਹਰਮੀਤ ਸਿੰਘ ਪਠਾਣਮਾਜਰਾ ਅਤੇ ਚੇਤਨ ਸਿੰਘ ਜੌੜਾਮਾਜਰਾ ਦਾ ਹੈ।

ਦਿਲਚਸਪ ਗੱਲ ਇਹ ਵੀ ਹੈ ਕਿ ਪੰਜਾਬ ਦੀ ਸੱਤਾ 'ਤੇ ਗੱਠਜੋੜ ਤਹਿਤ ਲਗਾਤਾਰ ਇੱਕ ਦਹਾਕਾ ਕਾਬਜ਼ ਰਹਿਣ ਤੋਂ ਬਾਅਦ ਤਿੰਨ ਖੇਤੀ ਕਾਨੂੰਨਾਂ (ਜੋ ਹੁਣ ਰੱਦ ਹਨ) ਕਾਰਨ ਭਾਜਪਾ ਲਈ ਮੁਸ਼ਕਿਲਾਂ ਭਰਿਆ ਦੌਰ ਮੰਨਿਆ ਜਾਂਦਾ ਹੈ। ਜਿਕਰੇ ਖਾਸ ਇਹ ਵੀ ਹੈ ਕਿ ਕਿਸਾਨੀ ਵਿਰੋਧ ਕਾਰਨ ਭਾਜਪਾ ਜ਼ਮੀਨੀ ਪੱਧਰ 'ਤੇ ਪੈਰ ਲਾਉਣ ਵਿੱਚ ਸਖ਼ਤ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਸ ਦੇ ਬਾਵਜੂਦ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ 'ਕਮਲ ਦਾ ਫੁੱਲ ਫੜਨਾ ਜਾਣਾ ਕਿਸੇ ਹੱਦ ਤੱਕ ਪੰਜਾਬ ਦੀ ਸੱਤਾ 'ਤੇ ਕਾਬਜ ਹੋਣ ਲਈ ਭਾਜਪਾ ਦਾ ਰਣਨੀਤਕ ਪੈਂਤੜਾ ਮੰਨਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕੇਂਦਰ 'ਚ ਤੀਸਰੀ ਵਾਰ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਬਣਨ ਅਤੇ ਬੰਗਾਲ ਚੋਣਾਂ 'ਚ ਜਿੱਤ ਨਾਲ ਸਿਰਜੇ ਮਹੌਲ ਕਾਰਨ ਦਰਜਨ ਦੇ ਕਰੀਬ ਕਾਂਗਰਸੀ ਅਤੇ ਲੱਗਭਗ ਏਨੇ ਹੀ 'ਆਪ' ਆਗੂਆਂ ਨੇ ਭਾਜਪਾ ਦਾ ਪੱਲਾ ਫੜਨ ਨੂੰ ਤਰਜੀਹ ਦਿੱਤੀ ਹੈ।

ਸੱਤਾ ਦੀ ਲਾਲਸਾ ਦਾ ਸਿੱਟਾ

ਜਮਹੂਰੀ ਅਧਿਕਾਰ ਸਭਾ ਦੇ ਆਗੂ ਡਾ ਅਜੀਤਪਾਲ ਸਿੰਘ ਦਾ ਕਹਿਣਾ ਸੀ ਕਿ ਅਸਲ ਵਿੱਚ ਨੇਤਾਵਾਂ ਦਾ ਇੱਕ ਇੱਕ ਮਕਸਦ ਹਰ ਹੀਲੇ ਸੱਤਾ 'ਤੇ ਕਾਬਜ ਹੋਣਾ ਰਹਿ ਗਿਆ ਹੈ ਜਿਸ ਲਈ ਉਹ ਕਿਸੇ ਹੱਦ ਤੱਕ ਜਾਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਇੰਨ੍ਹਾਂ ਅੱਥਰੀਆਂ ਲਾਲਸਾਵਾਂ ਕਾਰਨ ਹੀ ਹਰ ਰੰਗ ਦੀਆਂ ਸਿਆਸੀ ਪਾਰਟੀਆਂ ਨੂੰ ਲੋਕ ਮੁੱਦਿਆਂ ਨਾਲ ਕੋਈ ਸਰੋਕਾਰ ਨਹੀਂ ਰਹਿ ਗਿਆ ਹੈ।

ਪਾਰਟੀ ਨੀਤੀਆਂ ਦਾ ਪ੍ਰਭਾਵ : ਸਰੀਨ

ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸੀਨੀਅਰ ਆਗੂ ਅਨਿਲ ਸਰੀਨ ਦਾ ਕਹਿਣਾ ਹੈ ਕਿ ਜਿਹੜੇ ਆਗੂਆਂ ਨੇ ਬੀਜੇਪੀ ਵਿੱਚ ਸ਼ਮੂਲੀਅਤ ਕੀਤੀ ਹੈ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦੀਆਂ ਨੀਤੀਆਂ ਨੇ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਾਉਣ ਵਾਲੇ ਦਿਨਾਂ ਦੌਰਾਨ ਹੋਰ ਵੀ ਆਗੂ ਭਾਜਪਾ 'ਚ ਸ਼ਾਮਲ ਹੋਣ ਲਈ ਤਿਆਰ ਬੈਠੇ ਹਨ।ਉਨ੍ਹਾਂ ਕਿਹਾ ਕਿ ਪੰਜਾਬੀ ਇਹ ਵੀ ਸਮਝ ਗਏ ਹਨ ਕਿ ਸੂਬੇ 'ਚ ਨਸ਼ੇ ਅਤੇ ਗੈਂਗਸਟਰਵਾਦ ਵਰਗੀਆਂ ਸਮੱਸਿਆਵਾਂ ਨੂੰ ਸਿਰਫ ਭਾਜਪਾ ਹੀ ਖਤਮ ਕਰ ਸਕਦੀ ਹੈ ਜਿਸ ਕਰਕੇ ਵੀ ਇਹ ਰੁਝਾਨ ਬਣਿਆ ਹੈ। ਉਨ੍ਹਾਂ ਕਿਹਾ ਕਿ ਇੰਨ੍ਹਾਂ ਆਗੂਆਂ ਨੂੰ ਉਨ੍ਹਾਂ ਦੀਆਂ ਪਾਰਟੀਆਂ ਅੰਦਰ ਢੁੱਕਵੀਂ ਥਾਂ ਨਹੀਂ ਮਿਲੀ ਜਿਸ ਕਰਕੇ ਉਨ੍ਹਾਂ ਨੇ ਭਾਜਪਾ ਦਾ ਲੜ ਫੜਨਾ ਹੀ ਬਿਹਤਰ ਸਮਝਿਆ ਹੈ।

ਕਰਨਾਲ ਵਿੱਚ ਰਾਜ ਜਵੈਲਜ਼ ਦਾ ਦੀਵਾਲੀ 'ਤੇ ਬੰਪਰ ਆਫ਼ਰ, 10 ਹਜ਼ਾਰ ਰੁਪਏ ਤੱਕ ਸਸਤਾ ਮਿਲੇਗਾ ਸੋਨਾ

ਸਾਂਝੀ ਖ਼ਬਰ

ਦੀਵਾਲੀ ਤੱਕ ਸੋਨੇ ਦੀ ਖਰੀਦ 'ਤੇ ਵਿਸ਼ੇਸ਼ ਛੋਟ, ਗਾਹਕਾਂ ਨੂੰ ਆਈ-20 ਕਾਰ ਜਿੱਤਣ ਦਾ ਵੀ ਮਿਲੇਗਾ ਮੌਕਾ

ਕਰਨਾਲ, ਸੁਖਵਿੰਦਰ ਸੋਹੀ। ਤਿਉਹਾਰਾਂ ਦੇ ਸੀਜ਼ਨ ਵਿੱਚ ਸੋਨਾ ਖਰੀਦਣ ਦੀ ਯੋਜਨਾ ਬਣਾ ਰਹੇ ਗਾਹਕਾਂ ਲਈ ਕਰਨਾਲ ਦੇ ਰਾਜ ਜਵੈਲਜ਼ (RAJ JEWELS) ਵੱਲੋਂ ਵਿਸ਼ੇਸ਼ ਆਫ਼ਰ ਦਾ ਐਲਾਨ ਕੀਤਾ ਗਿਆ ਹੈ। ਦੀਵਾਲੀ ਦੇ ਮੌਕੇ 'ਤੇ ਗਾਹਕਾਂ ਨੂੰ ਸੋਨੇ ਦੀ ਖਰੀਦਦਾਰੀ 'ਤੇ ਆਕਰਸ਼ਕ ਛੋਟ ਦੇ ਨਾਲ-ਨਾਲ ਬੰਪਰ ਆਫ਼ਰ ਦਾ ਲਾਭ ਉਠਾਉਣ ਦਾ ਮੌਕਾ ਮਿਲੇਗਾ।


ਦਿੱਤੇ ਗਏ ਇਸ਼ਤਿਹਾਰ ਅਨੁਸਾਰ, ਰਾਜ ਜਵੈਲਜ਼ ਵਿਖੇ ਸੋਨਾ 10 ਹਜ਼ਾਰ ਰੁਪਏ ਤੱਕ ਸਸਤਾ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਗਾਹਕਾਂ ਲਈ ਆਈ-20 (i20) ਕਾਰ ਜਿੱਤਣ ਦਾ ਵਿਸ਼ੇਸ਼ ਆਫ਼ਰ ਵੀ ਰੱਖਿਆ ਗਿਆ ਹੈ। ਇਹ ਆਫ਼ਰ ਦੀਵਾਲੀ ਤੱਕ ਜਾਰੀ ਰਹਿਣ ਦੀ ਜਾਣਕਾਰੀ ਦਿੱਤੀ ਗਈ ਹੈ।

ਦੀਵਾਲੀ ਦੇ ਤਿਉਹਾਰ 'ਤੇ ਲੋਕ ਆਪਣੇ ਪਰਿਵਾਰਾਂ ਲਈ ਸੋਨੇ-ਚਾਂਦੀ ਦੇ ਗਹਿਣੇ ਖਰੀਦਣਾ ਸ਼ੁਭ ਮੰਨਦੇ ਹਨ। ਅਜਿਹੇ ਵਿੱਚ



ਰਾਜ ਜਵੈਲਜ਼ ਦਾ ਇਹ ਆਫ਼ਰ ਗਾਹਕਾਂ ਲਈ ਖਿੱਚ ਦਾ ਕੇਂਦਰ ਬਣ ਸਕਦਾ ਹੈ। ਸੋਨੇ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ ਦੇ ਵਿਚਕਾਰ 10 ਹਜ਼ਾਰ ਰੁਪਏ ਤੱਕ ਦੀ ਬਚਤ ਦਾ ਮੌਕਾ ਮਿਲਣ ਨਾਲ ਗਾਹਕਾਂ ਨੂੰ ਖਰੀਦਦਾਰੀ ਵਿੱਚ ਰਾਹਤ ਮਿਲਣ ਦੀ ਉਮੀਦ ਹੈ। ਰਾਜ ਜਵੈਲਜ਼ ਵੱਲੋਂ ਗਾਹਕਾਂ ਨੂੰ ਦੀਵਾਲੀ ਤੱਕ ਖਰੀਦਦਾਰੀ ਕਰਨ ਦਾ ਵਿਸ਼ੇਸ਼ ਮੌਕਾ ਦਿੱਤਾ ਜਾ ਰਿਹਾ ਹੈ। ਸੋਨੇ ਦੀ ਖਰੀਦਦਾਰੀ ਦੇ ਨਾਲ ਆਈ-20 ਕਾਰ ਦੇ ਬੰਪਰ ਆਫ਼ਰ ਨੇ ਇਸ ਯੋਜਨਾ ਨੂੰ ਹੋਰ ਵੀ ਖ਼ਾਸ ਬਣਾ ਦਿੱਤਾ ਹੈ।

ਗਾਹਕ ਇਸ ਆਫ਼ਰ ਸਬੰਧੀ ਵਿਸਥਾਰਪੂਰਵਕ ਜਾਣਕਾਰੀ, ਸੋਨੇ ਦੀਆਂ ਕੀਮਤਾਂ, ਛੋਟ ਦੀਆਂ ਸ਼ਰਤਾਂ ਅਤੇ ਕਾਰ ਜਿੱਤਣ ਦੀ ਪ੍ਰਕਿਰਿਆ ਬਾਰੇ ਸਿੱਧੇ ਸ਼ੋਅਰੂਮ ਤੋਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।



ਸਵਰਗੀ ਸ੍ਰੀਮਤੀ ਕਰਤਾਰ ਦੇਵੀ ਦਾ ਜੀਵਨ ਸੰਘਰਸ਼, ਤਿਆਗ, ਮਾਤ੍ਰਿਤਵ ਅਤੇ ਸੰਸਕਾਰਾਂ ਦੀ ਪ੍ਰੇਰਣਾਦਾਇਕ ਮਿਸਾਲ

ਸਾਂਝੀ ਖ਼ਬਰ

34 ਸਾਲ ਦੀ ਉਮਰ ਵਿੱਚ ਪਤੀ ਨੂੰ ਗੁਆਉਣ ਮਗਰੋਂ ਇਕੱਲਿਆਂ ਸੰਘਰਸ਼ ਕਰਕੇ ਬੱਚਿਆਂ ਨੂੰ ਕਾਮਯਾਬੀ ਦੀਆਂ ਬੁਲੰਦੀਆਂ ਤੱਕ ਪਹੁੰਚਾਇਆ



ਚੰਡੀਗੜ੍ਹ (ਗੁਰਭਿੰਦਰ ਗੁਰੀ)

ਸਵਰਗੀ ਸ੍ਰੀਮਤੀ ਕਰਤਾਰ ਦੇਵੀ ਦਾ ਜੀਵਨ ਸੰਘਰਸ਼, ਤਿਆਗ, ਹਿੰਮਤ, ਮਮਤਾ ਅਤੇ ਸਮਾਜਿਕ ਸਰੋਕਾਰਾਂ ਦੀ ਇਕ ਪ੍ਰੇਰਣਾਦਾਇਕ ਗਾਥਾ ਰਿਹਾ। 89 ਸਾਲ ਦੀ ਉਮਰ ਵਿੱਚ ਗੁਰੂਗ੍ਰਾਮ ਦੇ ਆਰਟੇਮਿਸ ਹਸਪਤਾਲ ਵਿਖੇ ਉਨ੍ਹਾਂ ਦਾ ਦੇਹਾਂਤ ਹੋ ਗਿਆ। 30 ਅਕਤੂਬਰ 2026 ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਸਾਂਘੀ ਵਿਖੇ ਕੀਤਾ ਗਿਆ। ਉਨ੍ਹਾਂ ਦੇ ਦੇਹਾਂਤ ਨਾਲ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਜਾਣਕਾਰਾਂ ਵਿੱਚ ਸੋਗ ਦੀ ਲਹਿਰ ਦੌੜ ਗਈ।

ਸ੍ਰੀਮਤੀ ਕਰਤਾਰ ਦੇਵੀ ਦਾ ਵਿਆਹ ਸਵਰਗੀ ਸ੍ਰੀ ਸਤਬੀਰ ਸਿੰਘ ਨਾਲ ਹੋਇਆ ਸੀ। ਜ਼ਿੰਦਗੀ ਨੇ ਉਸ ਸਮੇਂ ਉਨ੍ਹਾਂ ਦੀ ਸਖ਼ਤ ਪਰਖ ਲਈ, ਜਦੋਂ ਮਹਿਜ਼ 34 ਸਾਲ ਦੀ ਉਮਰ ਵਿੱਚ ਉਨ੍ਹਾਂ ਦੇ ਪਤੀ ਦਾ ਦੇਹਾਂਤ ਹੋ ਗਿਆ। ਇਸ ਨਾਜ਼ੁਕ ਉਮਰ ਵਿੱਚ ਜੀਵਨ ਸਾਥੀ ਦਾ ਵਿਛੋੜਾ ਕਿਸੇ ਵੀ ਇਨਸਾਨ ਲਈ ਬਹੁਤ ਵੱਡਾ ਸਦਮਾ ਹੁੰਦਾ ਹੈ, ਪਰ ਕਰਤਾਰ ਦੇਵੀ ਨੇ ਹਾਲਾਤ ਅੱਗੇ ਗੋਡੇ ਨਹੀਂ ਟੇਕੇ। ਉਨ੍ਹਾਂ ਨੇ ਮਾਂ ਦੇ ਨਾਲ-ਨਾਲ ਪਿਤਾ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਈਆਂ ਅਤੇ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ, ਸਿੱਖਿਆ ਤੇ ਬਿਹਤਰ ਭਵਿੱਖ ਲਈ ਆਪਣਾ ਸਾਰਾ ਜੀਵਨ ਸਮਰਪਿਤ ਕਰ ਦਿੱਤਾ।

ਮੁਸ਼ਕਲਾਂ ਭਰੇ ਇਸ ਸਫ਼ਰ ਵਿੱਚ ਉਨ੍ਹਾਂ ਦਾ ਸਬਰ, ਸਵੈਮਾਣ ਅਤੇ ਦ੍ਰਿੜ੍ਹ ਇਰਾਦਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਬਣਿਆ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਸਿਰਫ਼ ਪੜ੍ਹਾਇਆ-ਲਿਖਾ-ਇਆ ਹੀ ਨਹੀਂ, ਸਗੋਂ ਉਨ੍ਹਾਂ ਦੇ ਜੀਵਨ ਵਿੱਚ ਅਨੁਸ਼ਾਸਨ, ਨੈਤਿਕਤਾ, ਮਿਹਨਤ ਅਤੇ ਚੰਗੇ ਸੰਸਕਾਰਾਂ ਦੀ ਨੀਂਹ ਵੀ ਮਜ਼ਬੂਤ ਕੀਤੀ। ਉਨ੍ਹਾਂ ਦਾ ਜੀਵਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਕ ਮਜ਼ਬੂਤ ਮਾਂ ਆਪਣੇ ਹੌਸਲੇ ਅਤੇ ਤਿਆਗ ਨਾਲ ਪਰਿਵਾਰ ਦੀ ਤਸਵੀਰ ਬਦਲ ਸਕਦੀ ਹੈ।

ਸਿੱਖਿਆ ਅਤੇ ਸੰਸਕਾਰਾਂ ਨਾਲ ਸੀ ਗੂੜ੍ਹਾ ਲਗਾਅ

ਕਰਤਾਰ ਦੇਵੀ ਨੇ ਖਾਨਪੁਰ ਗੁਰਕੁਲ ਤੋਂ ਸਿੱਖਿਆ ਪ੍ਰਾਪਤ ਕੀਤੀ ਸੀ। ਆਰੀਆ ਸਮਾਜੀ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਦੇ ਜੀਵਨ ਵਿੱਚ ਵੈਦਿਕ ਵਿਚਾਰਧਾਰਾ, ਸਾਦਗੀ, ਨੈਤਿਕ ਕਦਰਾਂ-ਕੀਮਤਾਂ ਅਤੇ ਮਨੁੱਖਤਾ ਪ੍ਰਤੀ ਸਤਿਕਾਰ ਦਾ ਵਿਸ਼ੇਸ਼ ਸਥਾਨ ਸੀ। ਉਹ ਸੇਵਾਮੁਕਤ ਅਧਿਆਪਕਾ ਸਨ ਅਤੇ ਸਿੱਖਿਆ ਨੂੰ ਸਮਾਜ ਦੀ ਤਰੱਕੀ ਦਾ ਅਹਿਮ ਆਧਾਰ ਮੰਨਦੇ ਸਨ। ਉਨ੍ਹਾਂ ਦੇ ਜੀਵਨ ਵਿੱਚ ਸਿੱਖਿਆ ਪ੍ਰਤੀ ਸਮਰਪਣ ਅਤੇ ਸੰਸਕਾਰਾਂ ਪ੍ਰਤੀ ਨਿਸ਼ਠਾ ਸਪੱਸ਼ਟ ਤੌਰ 'ਤੇ ਝਲਕਦੀ ਸੀ।

ਉਨ੍ਹਾਂ ਦਾ ਸੁਭਾਅ ਬੇਹੱਦ ਮਿਲਣਸਾਰ, ਦਿਆਲੂ ਅਤੇ ਸਮਾਜਿਕ ਸੀ। ਉਹ ਦੂਜਿਆਂ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੇ ਅਤੇ ਹਰ ਕਿਸੇ ਨਾਲ ਪਿਆਰ, ਸਤਿਕਾਰ ਤੇ ਆਪਣਾਪਣ ਨਾਲ ਪੇਸ਼ ਆਉਂਦੇ ਸਨ। ਉਨ੍ਹਾਂ ਦੀ ਸ਼ਖ਼ਸੀਅਤ ਦੀ ਸਭ ਤੋਂ ਵੱਡੀ ਖ਼ੂਬੀ ਉਨ੍ਹਾਂ ਦੀ ਨਿਮਰਤਾ, ਸਾਦਗੀ ਅਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਸਮਰੱਥਾ ਸੀ। ਇਸੇ ਕਾਰਨ ਉਹ ਆਪਣੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੇ ਦਿਲਾਂ ਵਿੱਚ ਵਿਸ਼ੇਸ਼ ਥਾਂ ਰੱਖਦੇ ਸਨ।

ਬੱਚਿਆਂ ਦੀ ਕਾਮਯਾਬੀ ਪਿੱਛੇ ਮਾਂ ਦੇ ਤਿਆਗ ਅਤੇ ਸੰਸਕਾਰਾਂ ਦਾ ਵੱਡਾ ਯੋਗਦਾਨ

ਸ੍ਰੀਮਤੀ ਕਰਤਾਰ ਦੇਵੀ ਦੇ ਬੱਚਿਆਂ ਨੇ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਹਾਸਲ ਕੀਤੀਆਂ। ਉਨ੍ਹਾਂ ਦੇ ਪੁੱਤਰ ਡਾ. ਸੁਰਿੰਦਰ ਸਿੰਘ ਹੁੱਡਾ ਐਡਵੋਕੇਟ-ਆਨ-ਰਿਕਾਰਡ ਵਜੋਂ ਅਤੇ ਸ੍ਰੀ ਨਰਿੰਦਰ ਹੁੱਡਾ ਸੀਨੀਅਰ ਐਡਵੋਕੇਟ ਵਜੋਂ ਭਾਰਤ ਦੀ ਸਰਵਉੱਚ ਅਦਾਲਤ, ਸੁਪਰੀਮ ਕੋਰਟ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਦੀ ਧੀ ਰਾਜਬਾਲਾ ਹਰਿਆਣਾ ਅਧੀਨ ਸੇਵਾਵਾਂ ਚੋਣ ਕਮਿਸ਼ਨ ਦੀ ਮੈਂਬਰ ਵੀ ਰਹਿ ਚੁੱਕੀ ਹੈ।

ਬੱਚਿਆਂ ਦੀਆਂ ਇਨ੍ਹਾਂ ਪ੍ਰਾਪਤੀਆਂ ਪਿੱਛੇ ਕਰਤਾਰ ਦੇਵੀ ਦੀ ਸਾਲਾਂਬੱਧੀ ਮਿਹਨਤ, ਤਿਆਗ, ਅਨੁਸ਼ਾਸਨ ਅਤੇ ਸਿੱਖਿਆ ਪ੍ਰਤੀ ਸਮਰਪਣ ਦੀ ਅਹਿਮ ਭੂਮਿਕਾ ਰਹੀ। ਪਤੀ ਦੇ ਦੇਹਾਂਤ ਮਗਰੋਂ ਇਕੱਲਿਆਂ ਪਰਿਵਾਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਉਨ੍ਹਾਂ ਨੇ ਜਿਸ ਹਿੰਮਤ ਅਤੇ ਦ੍ਰਿੜ੍ਹ ਇੱਛਾ-ਸ਼ਕਤੀ ਦਾ ਪ੍ਰਗਟਾਵਾ ਕੀਤਾ, ਉਹ ਸਮਾਜ ਲਈ ਪ੍ਰੇਰਣਾ ਸਰੋਤ ਹੈ। ਉਨ੍ਹਾਂ ਨੇ ਸਾਬਤ ਕੀਤਾ ਕਿ ਬੱਚਿਆਂ ਦੇ ਜੀਵਨ ਨੂੰ ਸਹੀ ਦਿਸ਼ਾ ਦੇਣ ਵਿੱਚ ਮਾਪਿਆਂ ਦੇ ਸੰਸਕਾਰ ਅਤੇ ਕੁਰਬਾਨੀਆਂ ਕਿੰਨਾ ਵੱਡਾ ਯੋਗਦਾਨ ਪਾਉਂਦੀਆਂ ਹਨ।

89 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਵਿਛੋੜਾ ਇਕ ਅਜਿਹੀ ਸ਼ਖ਼ਸੀਅਤ ਦਾ ਅੰਤ ਹੈ, ਜਿਸ ਨੇ ਆਪਣਾ ਜੀਵਨ ਪਰਿਵਾਰ, ਸਿੱਖਿਆ, ਸੰਸਕਾਰਾਂ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਸਮਰਪਿਤ ਕੀਤਾ। ਉਨ੍ਹਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੁਨੇਹਾ ਦਿੰਦਾ ਰਹੇਗਾ ਕਿ ਮੁਸ਼ਕਲ ਤੋਂ ਮੁਸ਼ਕਲ ਹਾਲਾਤ ਵਿੱਚ ਵੀ ਸਬਰ, ਹੌਸਲੇ ਅਤੇ ਦ੍ਰਿੜ੍ਹ ਇਰਾਦੇ ਨਾਲ ਜ਼ਿੰਦਗੀ ਨੂੰ ਸਵੈਮਾਣ ਤੇ ਮਾਣ-ਮਰਿਆਦਾ ਨਾਲ ਜਿਉਂਦਿਆਂ ਸਫ਼ਲਤਾ ਦੀਆਂ ਮੰਜ਼ਿਲਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ।

ਸਵਰਗੀ ਸ੍ਰੀਮਤੀ ਕਰਤਾਰ ਦੇਵੀ ਦੀਆਂ ਨਿੱਘੀਆਂ ਯਾਦਾਂ ਹਮੇਸ਼ਾ ਉਨ੍ਹਾਂ ਦੇ ਪਰਿਵਾਰ, ਰਿਸ਼ਤੇਦਾਰਾਂ ਅਤੇ ਸ਼ੁਭਚਿੰਤਕਾਂ ਦੇ ਦਿਲਾਂ ਵਿੱਚ ਵੱਸਦੀਆਂ ਰਹਿਣਗੀਆਂ। ਉਨ੍ਹਾਂ ਵੱਲੋਂ ਦਿੱਤੇ ਸੰਸਕਾਰ, ਉਨ੍ਹਾਂ ਦਾ ਸੰਘਰਸ਼ ਅਤੇ ਮਮਤਾ ਦੀ ਛਾਂ ਹੇਠ ਸਿਰਜਿਆ ਪਰਿਵਾਰ ਉਨ੍ਹਾਂ ਦੀ ਜੀਵਨ-ਯਾਤਰਾ ਦੀ ਸਦੀਵੀ ਵਿਰਾਸਤ ਬਣ ਕੇ ਰਹੇਗਾ।



ਅਦਾਰਾ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ, ਖਬਰਾਂ ਆਰਟੀਕਲਾਂ ਅਤੇ ਹੋਰ ਮੈਟਰ ਦੀ ਪੁਸ਼ਟੀ ਨਹੀ ਕਰਦਾ ਹੈ ਜਿਸਦੇ ਲਈ ਭੇਜਣ ਵਾਲੇ ਖੁਦ ਜਿੰਮੇਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਵਿੱਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸ਼ਾਂ ਦਾ ਨਿਪਟਾਰਾ ਸਿਰਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ ਵਿੱਚ ਹੋਵੇਗਾ।
ਮਾਲਕ ਨਰਿੰਦਰ ਜੱਗਾ ਪ੍ਰਕਾਸ਼ਿਕ ਪ੍ਰਿੰਟਰ ਅਤੇ ਮੁੱਖ ਸੰਪਾਦਕ ਪੀ ਐਸ ਮਿੱਠਾ, ਸਹਿ ਸੰਪਾਦਕ ਸੰਦੀਪ ਸਿੰਘ
ਨੇ ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜੀਟਲ ਐਡੀਸ਼ਨ ਪਟਿਆਲਾ ਰੋਡ ਨੇੜੇ ਪੰਜਾਬ ਐਂਡ ਸਿੱਧ ਬੈਂਕ ਜੀਰਕੁਪਰ ਜਿਲ੍ਹਾ ਮੋਹਾਲੀ ਪੰਜਾਬ ਤੋਂ ਰਿਲੀਜ਼ ਕੀਤਾ ਹੈ

SINCE 1978

AMRIK DHABA

PURE VEG

BREAKFAST, LUNCH, DINNER



ORDER ONLINE ON zomato SWIGGY

FULLY AC

HEAD OFFICE : MEHNA CHOWK BATHINDA.
PHONE : 0164-5007071, 9814129629.

ਅੰਮ੍ਰਿਤ ਪਵਾਰ
62804 94562



"ਹਰਭਜਨ ਜੱਬਲ ਐਵਾਰਡ " ਨਾਲ ਹੋਏ ਸਨਮਾਨਿਤ_ਦਲਜੀਤ ਸੋਨਾ



ਰੰਗਮੰਚ ਨੂੰ ਅਥਾਹ ਦੇਣ, ਨਵੀਆਂ ਸੰਭਾਵਨਵਾਂ ਨੂੰ ਅਭਿਨੈ ਦੀ ਸਿਖਲਾਈ, ਖੁਦ ਲੇਖਕ ਤੇ ਅਭਿਨੇਤਾ ਨਿਰਦੇਸ਼ਕ ਦਲਜੀਤ ਸੋਨਾ ਦੀਆਂ ਹਰੇਕ ਖੇਤਰ ਅਭਿਨੈ ਦੇ ਲਈ ਐਪਰ ਅਪਾਰ ਸਰਗਰ-ਮੀਆਂ ਨੂੰ ਮੁੱਖ ਰੱਖਿਆ ਧਰਵਿੰਦਰ ਸਿੰਘ ਔਲਖ ਹੋਰਾਂ ਤੇ ਪੰਜਾਬੀ ਸਾਹਿਤ ਸਭਾ ਚੋਗਾਵਾਂ ਅੰਮ੍ਰਿਤਸਰ ਨੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।ਸਾਹਿਤ ਸਭਾ ਚੁਗਾਵਾਂ ਵੱਲੋਂ " ਹਰਭਜਨ ਸਿੰਘ ਜੱਬਲ ਪੁਰਸਕਾਰ " ਲਈ ਦਿੱਤੇ ਮਾਣ ਤੇ ਦਲਜੀਤ ਸੋਨਾ ਨੇ ਕਿਹਾ ਕਿ ਹਰਭਜਨ ਜੱਬਲ ਐਵਾਰਡ ਮਿਲਣਾ ਮਾਨਸਿਕ ਤੌਰ ਤੇ ਓਹਨਾਂ ਲਈ ਬੁਲੰਦ ਹੈ ਦਲਜੀਤ ਸੋਨਾ ਦਾ ਸੰਕੇਤ ਹੈ।ਓਹਨਾਂ ਨੇ ਹਰਭਜਨ ਜੱਬਲ ਐਵਾਰਡ ਦੇਣ ਲਈ ਸ ਧਰਵਿੰਦਰ ਔਲਖ ਜੀ ਦਾ ਬਹੁਤ ਧੰਨਵਾਦ ਕਿਹਾ ਤੇ ਆਖਿਆ ਕਿ ਧੰਨਵਾਦ ਸੁਰਜੀਤ ਜੱਜ ਤੇ ਹਰਮੀਤ ਵਿਦਿਆਰਥੀ ਨਾਲ ਇਹ ਸਨਮਾਨ ਲੈਣਾ ਓਹਨਾਂ ਨੂੰ ਹੋਰ ਜ਼ਿਆਦਾ ਉਤਸ਼ਾਹ ਨਾਲ ਭਰੇਗਾ।_ਅੰਮ੍ਰਿਤ ਪਵਾਰ।

ਪਾਲੀ ਦੇਤਵਾਲੀਆ ਦੇ ਵੀਡੀਓ ਕਰ ਕਿ ਖੁਸ਼ੀ ਹੁੰਦੀ_ਅਵਤਾਰ ਵਰਮਾ



ਬੇਹੱਦ ਮਿਲਣਸਾਰ ਤੇ ਤਜ਼ਰਬੇਕਾਰ ਡਾਇਰੈਕਟਰ ਹਨ ਅਵਤਾਰ ਵਰਮਾ ਜਿਹਨਾਂ ਦੀ ਪਛਾਣ ਪਾਲੀਵੁੱਡ , ਟੈਲੀਵੁੱਡ ਤੇ ਵੀਡੀਓ ਦੁਨਿਆਂ ਵਿੱਚ ਬਹੁਤ ਹੈ ਨੇ ਕਿਹਾ ਕਿ ਓਹ ਸ਼ੋਰਟ ਫ਼ਿਲਮਾਂ ਵੀ ਕਰਦੇ ਨੇ ਤੇ ਪਿਛਲੇ ਦਿਨੀਂ ਓਹ ਮੁੰਬਈ ਕਿਸੇ ਬਾਲੀਵੁੱਡ ਰੁਝੇਵੇਂ ਲਈ ਗਏ ਸਨ ਤੇ ਵਾਪਿਸ ਆ ਕਿ ਓਹਨਾਂ ਵੀਡੀਓ ਕਰਨੇ ਸ਼ੁਰੂ ਕਰ ਦਿੱਤੇ ਹਨ।ਅਵਤਾਰ ਵਰਮਾ ਨੇ ਕਿਹਾ ਕਿ ਹਰੇਕ ਕਲਾਕਾਰ ਨਵੇਂ ਪੁਰਾਣੇ ਨਾਲ ਕੰਮ ਕਰ ਖੁਸ਼ੀ ਹੁੰਦੀ ਹੈ ਤੇ ਪਾਲੀ ਦੇਤਵਾਲੀਆ ਨਾਲ ਓਹਨਾਂ ਦੀ ਤਾਲਮੇਲ ਨੀਤੀ ਵਧੀਆ ਹੈ ਤੇ ਤਕਰੀਬਨ ਪਾਲੀ ਦੇਤਵਾਲੀਆ ਦੇ ਓਹਨਾਂ ਬਹੁਤ ਵੀਡੀਓ ਕੀਤੇ ਹਨ। ਪਾਲੀ ਦੇਤਵਾਲੀਆ ਨਿਹਾਯਤ ਵਧੀਆ ਇਨਸਾਨ ਤੇ ਪਰਿਵਾਰਕ ਗਾਇਕ ਹਨ ਤੇ ਓਹਨਾਂ ਨਾਲ ਕੰਮ ਕਰਨਾ ਵਧੀਆ ਰਹਿੰਦਾ ਹੈ।_ਅੰਮ੍ਰਿਤ ਪਵਾਰ।

ਸਰਦਾਰੀ ਦਿੱਖ ਨਾਲ ਅਭਿਨੈ ਸਾਬਾਸ਼ _ਐੱਚ ਆਰ ਡੀ ਸਿੰਘ



ਐੱਚ ਆਰ ਡੀ ਸਿੰਘ ਨੂੰ ਥਾਪੀ ਦੇਣੀ ਬਣਦੀ ਹੈ ਤੇ ਓਹ ਸੰਸਥਾਵਾਂ ਵੱਲੋਂ ਵਿਸ਼ੇਸ਼ ਐਵਾਰਡ ਦੇ ਹੱਕਦਾਰ ਹਨ।ਦਰਅਸਲ ਫਿਲਮ ਹਿੰਦੀ ਹੋਏ ਜਾਂ ਪੰਜਾਬੀ, ਟੀਵੀ ਚੈਨਲਾਂ ਦੇ ਸ਼ੋ ਪ੍ਰੋਗਰਾਮ ਹੋਣ ਜਾਂ ਵੀਡੀਓ ਗੀਤ ਓਹਨਾਂ ਨੇ ਆਪਣੀ ਸਰਦਾਰੀ ਦਿੱਖ ਸ਼ੁਰੂ ਤੋਂ ਅੱਜ ਤੱਕ ਕਾਇਮ ਰੱਖਣ ਦਾ ਕੰਮ ਬਾਖੂਬੀ ਨਿਭਾਇਆ ਹੈ।ਅੱਜ ਕਲ ਤੇ ਓਹ ਵਿਦੇਸ਼ੀ ਕੰਪਨੀ ਫਲਿਕ ਪਾਰਟ ਦੇ ਵਿਗਿਆਪਨ ਵਿੱਚ ਵੀ ਸਰਦਾਰੀ ਲੁੱਕ ਨਾਲ ਨਜ਼ਰ ਆਏ ਹਨ।ਇਹ ਐਡ ਵਿਸ਼ਵ ਪੱਧਰ ਤੇ ਚਲ ਰਹੀ ਹੈ।ਅਸੀਂ ਸਿੱਖੀ, ਸਰਦਾਰੀ ਕਾਇਮ ਰੱਖਣ ਦੀ ਬਹੁਤ ਗੱਲ ਕਰਦੇ ਹਾਂ ਪਰ ਜਦ ਐੱਚ ਆਰ ਡੀ ਸਿੰਘ ਜੈਸੇ ਐਕਟਰ ਇਨਸਾਨ ਇਹ ਕਾਇਮ ਰੱਖ ਕੰਮ ਕਰਦੇ ਨੇ ਤਦ ਕਿੱਥੇ ਅਜਿਹਾ ਕਹਿਣ ਵਾਲੇ ਓਹਨਾਂ ਦਾ ਫਰਜ਼ ਹੈ ਕਿ ਓਹ ਵਿਸ਼ੇਸ਼ ਤੌਰ ਤੇ ਐੱਚ ਆਰ ਡੀ ਸਿੰਘ ਤੇ ਅਜਿਹੇ ਸਰਦਾਰੀ ਦਿੱਖ ਕਾਇਮ ਰੱਖਣ ਵਾਲਿਆਂ ਦਾ ਸਨਮਾਨ ਕਰਨ। ਇਸ ਨਾਲ ਸਰਦਾਰੀ ਦਿੱਖ ਵਾਲੇ ਕਲਾਕਾਰਾਂ ਦਾ ਹੌਸਲਾ ਅਫਜ਼ਾਈ ਵਾਲਾ ਕੰਮ ਹੋਏਗਾ।ਜਿਸ ਤਰਾਂ ਓਹ ਮੱਲਾਂ ਮਾਰ ਰਹੇ ਨੇ ਵੱਡਾ ਐਵਾਰਡ ਤਾਂ ਓਹਨਾਂ ਨੂੰ ਮਿਲ ਹੀ ਜਾਣਾ ਹੈ।_ਅੰਮ੍ਰਿਤ ਪਵਾਰ।

ਯੋਧਾ ਸਨ ਪਿਤਾ ਜੀ ਕਮੀ ਮਹਿਸੂਸ ਹੁੰਦੀ ਸ਼ਰਨਜੀਤ ਸਿੰਘ ਰਟੌਲ



ਐਕਟਰ ਸ਼ਰਨਜੀਤ ਸਿੰਘ ਰਟੌਲ ਹਰਫਨ ਮੌਲਾ ਨੇ ਰੋਲ ਜਿਹੜਾ ਮਰਜ਼ੀ ਕਰਵਾ ਲਓ ਰਾਮ ਦਾ ਬਿਲਕੁਲ ਸ਼ਾਂਤ , ਰਾਵਣ ਦਾ ਤਾਂ ਓਹੀ ਦਿੱਖ ਤੇ ਹਿੰਦੀ, ਪੰਜਾਬੀ ਫ਼ਿਲਮਾਂ, ਦਲਜੀਤ ਸੋਨਾ ਨਾਲ ਰੰਗਮੰਚ , ਹੋਰ ਵੀਡੀਓ ਗੀਤ , ਸ਼ੋਰਟ ਫ਼ਿਲਮਾਂ ਤੇ ਅਦਾਕਾਰੀ ਵਿੱਚ ਕਮਾਇਆ ਘੱਟ ਗੁਆਇਆ ਜਿਆਦਾ ਕੋਈ ਨਹੀਂ ਚਲਦਾ ਹੈ।ਇਹ ਨੇ ਸ਼ਰਨਜੀਤ ਸਿੰਘ ਰਟੌਲ ਜਿਹਨਾਂ ਦੀਆਂ ਸੋਸ਼ਲ ਮੀਡੀਆ ਪੋਸਟਾਂ ਸਚਾਈ ਦੇ ਰਾਹ , ਜ਼ਮੀਰ ਜਗਾਈਂ ਪੋਸਟਾਂ, ਪੰਜਾਬੀਆਂ ਨਾਲ ਗੁੱਸੇ ਕਿ ਅਨਿਆਂ ਕਿੰਨੀ ਦੇਰ।ਦਰਅਸਲ ਸ਼ਰਨਜੀਤ ਸਿੰਘ ਰਟੌਲ ਦੇ ਪਿਤਾ ਜੀ ਯੋਧੇ ਇਨਸਾਨ ਰਹੇ ਤੇ ਓਹਨਾਂ ਦੀ ਘਾਟ ਸ਼ਰਨਜੀਤ ਸਿੰਘ ਰਟੌਲ ਨੂੰ ਮਹਿਸੂਸ ਹੁੰਦੀ ਹੈ।ਸੱਚ ਤੇ ਪਹਿਰਾ ਓਹਨਾਂ ਸਿਖਾਇਆ ਤੇ ਸ਼ਰਨਜੀਤ ਸਿੰਘ ਰਟੌਲ ਗੁੱਸੇ ਨੇ ਓਹਨਾਂ ਤੇ ਜਿਹੜੇ ਫ਼ਿਲਮਜ਼ ਦੇ ਨਾਮ ਤੇ ਠੱਗੀਆਂ, ਸਪਾ ਸੈਂਟਰ ਜਵਾਨੀ ਤਬਾਹੀ ।ਸ਼ਰਨ-ਜੀਤ ਸਿੰਘ ਰਟੌਲ ਚ ਇਹ ਸਭ ਕੁੱਝ ਓਹਨਾਂ ਦੇ ਪਿਤਾ ਜੀ ਦੇ ਆਦਰਸ਼ ਤੇ ਪ੍ਰੇਰਨਾ ਹੈ।_ਅੰਮ੍ਰਿਤ ਪਵਾਰ।

ਦਿਲਜੀਤ ਦੋਸਾਂਝ ਗਾਏ ਮੇਰਾ ਗੀਤ ਫਿਰ? _ ਭੱਟੀ ਭੜੀਵਾਲਾ



ਭੱਟੀ ਭੜੀਵਾਲਾ ਅੱਜ ਕਲ ਆਏ ਦਿਨ ਨਵੀਂ ਸਰਗਰਮੀ ਨਾਲ ਹਾਜ਼ਿਰ ਹੋ ਰਹੇ ਨੇ ਤੇ ਕੁਲਦੀਪ ਤੂਰ, ਨਾਜ਼ਿਮ ਦੇ ਟਰੈਕ ਰਲੀਜ਼ ਕਰਨ ਬਾਅਦ ਸੋਸ਼ਲ ਮੀਡੀਆ ਤੇ ਕੰਮ ਦੀਆਂ ਗੱਲਾਂ ਆਪਣੀ ਪੋਸਟ ਨਾਲ ਲੋਕ ਅਰਪਣ ਕਰ ਰਹੇ ਹਨ। ਭੱਟੀ ਭੜੀਵਾਲਾ ਲੋਕ ਗੀਤ ਐਂਟਰਟੇਨਮੈਂਟ ਦੇ ਸੀਈਓ ਹਨ ਤੇ ਪ੍ਰਸਿੱਧ ਗੀਤਕਾਰ ਤੌਰ ਤੇ ਓਹਨਾਂ ਦਾ ਪੂਰਾ ਨਾਮ ਹੈ।ਭੱਟੀ ਸਾਬ ਨੇ ਇੱਕ ਨਵੀਂ ਗੱਲ ਅੱਪਡੇਟ ਦਿੱਤੀ ਹੈ ਕਿ ਓਹਨਾਂ ਕੋਲ ਇੱਕ ਗੀਤ ਹੈ ਤੇ ਇਸ ਨੂੰ ਦਿਲਜੀਤ ਦੋਸਾਂਝ ਆਵਾਜ਼ ਦੇਣ ਗਾਉਣ ਤਾਂ ਓਹਨਾਂ ਦੀ ਗਾਇਕੀ ਦੱਸ ਸਾਲ ਹੋਰ ਵਧੇਗੀ।ਖ਼ਬਰ ਸਨਸਨੀ ਖੇਜ ਤੇ ਤੀਬਰਤਾ ਪੈਦਾ ਕਰਦੀ ਹੈ ਕਿ ਆਖਿਰ ਐਸਾ ਗੀਤ ਜਿਸ ਸਿਰ ਦੱਸ ਸਾਲ ਗਾਇਕ ਨਹੀਂ ਲਈਦਾ ਕਿਸ ਤਰਾਂ ਦਾ ਹੋਊ ਤੇ ਇਹ ਗੀਤ ਰੱਬ ਕਰੇ ਦਿਲਜੀਤ ਦੁਸਾਂਝ ਕਰਵਾਉਣ ਤੇ ਲੋਕਾਂ ਨੂੰ ਪਤਾ ਲੱਗੇ ਕਿ ਆਹ ਗੀਤ ਸੀ।ਭੱਟੀ ਸਾਬ ਵਾਹ ਵਾਹ ਤੁਸੀਂ ਤੇ ਕਮਾਲ ਹੋ।_ਅੰਮ੍ਰਿਤ ਪਵਾਰ।

ਦਾਮਿਨੀ ਨੂੰ ਅਸ਼ੀਰਵਾਦ ਸ਼ੁੱਭ ਕਾਮਨਾਵਾਂ ਸੇਵਾ ਸਿੰਘ ਨੌਰਥ



ਦਾਮਿਨੀ ਨੂੰ ਅਸ਼ੀਰਵਾਦ ਸ਼ੁੱਭ ਕਾਮਨਾਵਾਂ _ਸੇਵਾ ਸਿੰਘ ਨੌਰਥ

ਪੰਜਾਬੀ ਗੀਤਕਾਰੀ ਦੇ ਥੰਮ ਨੇ ਸੇਵਾ ਸਿੰਘ ਨੌਰਥ, ਇਨਸਾਨੀਅਤ ਦਾ ਪ੍ਰਤੀਕ ਨੇ ਸੇਵਾ ਸਿੰਘ ਨੌਰਥ ਤੇ ਸੰਗੀਤ ਦੁਨੀਆਂ ਪੰਜਾਬੀ ਦੇ ਸਫ਼ਲ ਪੇਸ਼ਕਾਰ ਨੇ ਸੇਵਾ ਸਿੰਘ ਨੌਰਥ।ਸੇਵਾ ਸਿੰਘ ਨੌਰਥ ਸੋਸ਼ਲ ਮੀਡੀਆ ਐਪ ਫੇਸਬੁੱਕ ਤੇ ਰੋਜ਼ਾਨਾ ਪੰਜਾਬੀ ਦਿੱਗਜ ਸਦਾਬਹਾਰ ਸੰਗੀਤ , ਗੀਤ, ਗਾਇਕੀ ਹਸਤੀਆਂ ਬਾਬਤ ਆਪਣੇ ਵਿਊ ਤੇ ਰੀਲ ਤਸਵੀਰਾਂ ਪਾਉਂਦੇ ਓਲ੍ਡ ਗੋਲਡ ਪ੍ਰੰਪਰਾ ਨਿਭਾ ਰਹੇ ਹਨ।ਓਹਨਾਂ ਦੀ ਪਿਆਰੀ ਦੋਹਤੀ ਦਾਮਿਨੀ ਦਾ ਹੈਪੀ ਬਰਥ ਡੇ ਤੇ ਓਹਨਾਂ ਨੇ ਅਸ਼ੀਰਵਾਦ ਦਿੱਤਾ ਵੱਡੀ ਅਫ਼ਸਰ ਬਣੇ ਦਾਮਿਨੀ, ਪਰਿਵਾਰ ਦਾ ਨਾਮ ਵੱਡੀ ਹੋ ਰੌਸ਼ਨ ਕਰੇ ਦਾਮਿਨੀ।ਸੇਵਾ ਸਿੰਘ ਨੌਰਥ ਦੇ ਸਾਥੀਆਂ , ਰਿਸ਼ਤੇ ਨਾਤੇ ਤੇ ਦੋਸਤਾਂ ਨੇ ਓਹਨਾਂ ਨਾਲ ਦਾਮਿਨੀ ਦੇ ਜਨਮ ਦਿਨ ਦੀਆਂ ਖੁਸ਼ੀਆਂ ਵੰਡੀਆਂ ਤੇ ਨੌਰਥ ਹੋਰਾਂ ਸਭ ਦਾ ਧੰਨਵਾਦ ਕੀਤਾ .।_ਅੰਮ੍ਰਿਤ ਪਵਾਰ ।

ਯਾਦ ਆਉਂਦੇ ਨੇ ਉਸਤਾਦ ਕੁਲਦੀਪ ਪਾਰਸ_ਨਿਸ਼ਾਨ ਉੱਚੇਵਾਲਾ



ਨਿਸ਼ਾਨ ਉੱਚੇਵਾਲਾ ਅੱਜ ਟੋਪ ਸਿੰਗਰ ਹੈ ਤੇ ਓਹ ਸਰਦਾਰੀ ਦਿੱਖ ਪੱਗ ਨਾਲ ਨਜ਼ਰ ਆਉਂਦਾ ਹੈ ਪਰ ਕੁੱਝ ਯਾਦਾਂ ਅਜਿਹੀਆਂ ਨੇ ਜਿਹਨਾਂ ਦਾ ਨਿਸ਼ਾਨ ਨਾਲ ਦਿਲ ਦਾ ਰਿਸ਼ਤਾ ਹੈ ਤੇ ਓਹ ਅਨਮੋਲ ਹਨ।ਟਰੈਕ ਆ ਰਿਹਾ, ਹਿੱਟ , ਚਲ ਰਿਹਾ , ਆਏਗਾ ਇਹ ਤਾਂ ਚਲਦਾ ਰਹਿੰਦਾ ਹੈ। ਅੱਜ ਨਿਸ਼ਾਨ ਉੱਚੇਵਾਲਾ ਦੀ ਇੱਕ ਅਨਮੋਲ ਯਾਦ ਸਾਂਝੀ ਹੈ ਕਿ ਓਸ ਦੇ ਉਸਤਾਦ ਕਲਾਕਾਰੀ ਚ ਸਵਰਗੀ ਕੁਲਦੀਪ ਪਾਰਸ ਹੀਰੇ ਹੀ ਲੱਗਦੇ ਰਹੇ ਤੇ ਅਕਸਰ ਉਸਤਾਦ ਹੋਰਾਂ ਕੋਲ ਨਿਸ਼ਾਨ ਹੁੰਦਾ ਸੀ।ਨਿਸ਼ਾਨ ਨੂੰ ਚਾਅ ਸੀ ਕਿ ਉਸਤਾਦ ਜੀ ਫਿਲਮ ਕਰ ਰਹੇ ਨੇ ਓਹ ਵੀ ਕੰਮ ਕਰੇਗਾ , ਸਭ ਕੁੱਝ ਮੁਕੰਮਲ ਸੀ ਪਰ ਅਚਾਨਕ ਕੁਲਦੀਪ ਪਾਰਸ ਸਦੀਵੀ ਵਿਛੋੜੇ ਦੇ ਗਏ।ਕਸ਼ਮੀਰ ਭੰਡਾਲ ਤੇ ਹੈਪੀ ਨਾਲ ਨਿਸ਼ਾਨ ਉਸਤਾਦ ਕੁਲਦੀਪ ਪਾਰਸ ਨੂੰ "ਜਖਮੀ ਜਗੀਰਦਾਰ" ਫਿਲਮ ਦੇ ਗੀਤ ਦੀ ਰਿਕਾਰਡਿੰਗ ਤੇ ਮਿਲੇ ਸਨ।ਨਿਸ਼ਾਨ ਵੱਲੋਂ ਉਸਤਾਦ ਜੀ ਨੂੰ ਸ਼ਰਧਾ ਫੁੱਲ ਅਰਪਿਤ।_ਅੰਮ੍ਰਿਤ ਪਵਾਰ ਮ

ਆਸ਼ਾ ਤ੍ਰਿਪਾਠੀ ਛਾ ਗਈ ਬਣ _ਬੰਗਲਾਣ



ਦੇਵੀ ਸ਼ਰਮਾ ਸਰ ਦਾ ਧੰਨਵਾਦ ਕਰਦੀ ਐਕਟ੍ਰੈਸ ਆਸ਼ਾ ਤ੍ਰਿਪਾਠੀ ਬੋਲੀ ਕਿ ਇਹ ਫ਼ਿਲਮ "ਬੰਗਾਲਣ" ਦੀ ਸਕ੍ਰਿਪਟ ਕਮਾਲ ਦੀ ਕੁੱਝ ਸੱਚ ਦੇ ਨਜ਼ਦੀਕੀ ਫ਼ਿਲਮ ਤੇ ਮੈਡਮ ਖੁਸਬੂ ਸ਼ਰਮਾ ਦੇ ਸੰਵਾਦ ਜਜ਼ਬਾਤੀ ਤੇ ਮਜ਼ਬੂਰੀ ਦਾ ਵਰਣਨ ਕਰਦੇ ਇਹੀ ਕਾਰਨ ਹੈ ਕਿ ਇਹ ਸਾਡੀ ਫਿਲਮ ਦੇਸ਼ ਦੇ ਨਾਲ ਵਿਦੇਸ਼ ਵਿੱਚ ਵੀ ਸਰਾਹਨਾ ਪ੍ਰਾਪਤ ਕਰ ਰਹੀ ਹੈ।ਗੁਰਲਾਲ ਐਸ ਭੰਡਾਲ ਜੀ ਤੇ ਏ ਡੀ ਫ਼ਿਲਮ ਵਾਲਿਆਂ ਨੇ ਹਰੇਕ ਸਹੂਲਤ ਯੂਨਿਟ ਨੂੰ ਦਿੱਤੀ ਤੇ ਡਾਇਰੈਕਟਰ ਦੇਵੀ ਸ਼ਰਮਾ ਨੂੰ ਫ੍ਰੀ ਹੈਂਡ ਦਿੱਤਾ ਜਿਸ ਨਾਲ ਇਹ ਫ਼ਿਲਮ ਵਧੀਆ ਬਣ ਆਈ।ਬਾਕੀ ਆਸ਼ਾ ਤ੍ਰਿਪਾਠੀ ਨੇ ਫਿਲਮ ਲਈ ਕਾਸਟਿਊਮ ਦਾ ਕੰਮ ਵੀ ਕੀਤਾ ਇਹ ਸਾਰੇ ਪੁਆਇੰਟ ਨੇ ਜਿਹਨਾਂ ਨੇ ਆਸ਼ਾ ਤ੍ਰਿਪਾਠੀ ਵਾਸਤੇ ਬਾਲੀਵੁੱਡ ਦੇ ਰਸਤੇ ਖੋਹਲ ਦਿੱਤੇ ਹਨ ।

ਦੇਵੀ ਸ਼ਰ

ਵਾਸ਼ਰਿੰਟਨ ਪੋਸਟ ਛਾਪਿਆ ਅਗਲੇ ਸਾਲ ਫ਼ਿਲਮਾਂ_ਨਿਊ ਆਈ ਐਮ ਸੀ



ਫ਼ਿਲਮ ਨਿਰਮਾਤਾ ਅਤੇ ਪੰਜਾਬੀ ਸਿਨੇਮਾ ਪੇਸ਼ੇਵਰ ਨਿਊ ਇੰਡੋ ਮਿਊਜ਼ੀਕਲ ਕੰਪਨੀ ਤੇ ਜੇ ਜੇ ਮੋਸ਼ਨ ਪਿਕਚਰ ਖੇਤਰੀ ਸਿਨੇਮਾ ਦੇ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਉੱਭਰ ਰਹੇ ਅਦਾਕਾਰਾਂ, ਲੇਖਕਾਂ ਅਤੇ ਰਚਨਾਤਮਕ ਪੇਸ਼ੇਵਰਾਂ ਨੂੰ ਮੌਕੇ ਪ੍ਰਦਾਨ ਕਰਨ ਦੀ ਇਸਦੀ ਯੋਗਤਾ ਹੈ।ਨਿਊ ਆਈ ਐਮ ਸੀ ਦੀ ਫ਼ਿਲਮ 'ਜੱਟ ਜੁਗਾੜੀ ਹੁੰਦੇ ਨੇ' ਨਾਲ ਸਾਂਝ ਫ਼ਿਲਮ ਨਿਰਮਾਣ ਦੇ ਇਸ ਪਹਿਲੂ ਨੂੰ ਦਰਸਾਉਂਦੀ ਹੈ। ਇਸ ਪੰਜਾਬੀ ਪ੍ਰੋਡਕਸ਼ਨ ਨੂੰ ਇਸਦੀ ਨਵੀਂ ਕਾਸਟ (ਕਲਾਕਾਰਾਂ) ਅਤੇ ਕਹਾਣੀ ਸੁਣਾਉਣ ਦੇ ਵਿਲੱਖਣ ਤਰੀਕੇ ਲਈ ਕਾਫ਼ੀ ਪ੍ਰਚਾਰ ਮਿਲਿਆ, ਜੋ ਪਰਦੇ 'ਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਲਿਆਉਣ ਵਿੱਚ ਨਵੇਂ ਕਲਾਕਾਰਾਂ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। (ਇੰਡਸਟਰੀ) ਦੇ ਅੰਦਰ ਆਪਣੇ ਆਪ ਨੂੰ ਸਥਾਪਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੋ ਸਕਦਾ ਹੈ। ਪੰਜਾਬੀ ਸਿਨੇਮਾ ਵਿੱਚ ਆਪਣੇ ਦਰਸ਼ਕਾਂ ਨਾਲ ਜੁੜੇ ਰਹਿਣ ਦੇ ਨਾਲ-ਨਾਲ ਗੰਭੀਰ ਵਿਸ਼ਿਆਂ 'ਤੇ ਗੱਲ ਕਰਨ ਦੀ ਯੋਗਤਾ ਵੀ ਹੈ।'ਮਿਸ਼ਨ 2017: ਹੱਲਾ ਹੋ', ਵੱਖ-ਵੱਖ ਵਿਸ਼ਿਆਂ ਦੀ ਪੜਚੋਲ ਕਰਦਾ ਹੈ...ਜਿਵੇਂ ਡਿਜੀਟਲ ਪਲੇਟਫਾਰਮ ਖੇਤਰੀ ਮਨੋਰੰਜਨ ਲਈ ਨਵੇਂ ਮੌਕੇ ਪੈਦਾ ਕਰ ਰਹੇ ਹਨ, ਪ੍ਰੋਡਕਸ਼ਨ ਕੰਪਨੀਆਂ ਆਪਣੇ ਕੰਮ ਨੂੰ ਵਿਸ਼ਾਲ ਦਰਸ਼ਕਾਂ ਤੱਕ ਪਹੁੰਚਾਉਣ ਦੇ ਵੱਖ-ਵੱਖ ਤਰੀਕੇ ਲੱਭ ਰਹੀਆਂ ਹਨ।ਅਮਰੀਕਾ ਦੇ ਅੰਗਰੇਜ਼ੀ ਪੇਪਰ ਵਾਸ਼ਗਣਤਿਨ ਪੋਸਟ ਚ ਨਿਊ ਆਈ ਐਮ ਸੀ ਨੇ ਕਿਹਾ ਅਗਲੇ ਸਾਲ ਅੱਪਡੇਟ ਦੇਵਾਂਗੇ।_ਅੰਮ੍ਰਿਤ ਪਵਾਰ।